## ਸ. ਕੁਲਬੀਰ ਸਿੰਘ, ਮੁੱਖ ਸੇਵਾਦਾਰ
## ਸਪੁੱਤਰ ਭਾਈ ਸਾਹਿਬ ਭਾਈ ਸਰਦਾਰਾ ਸਿੰਘ ਜੀ



ਸ. ਕੁਲਬੀਰ ਸਿੰਘ ਜੀ ਜੋ ਸੰਨ ੨੦੧੨ ਵਿੱਚ ਲਗਭਗ ੫੫ ਸਾਲ ਦੀ ਆਯੂ ਵਿੱਚ ਸਨ, ਜਦੋਂ ਪਿਤਾ ਜੀ ਦੇ ਆਦੇਸ਼ ਅਨੁਸਾਰ, ਸਟੇਟ ਬੈਕ ਆਫ ਇੰਡੀਆ ਤੋਂ ਬੈਕ ਦੀ ਸਵੈ-ਇੱਛਾ ਸੇਵਾ ਮੁਕਤ ਸਕੀਮ ਦੇ ਤਹਿਤ ਸੇਵਾ ਮੁਕਤ ਹੋ ਕੇ, ਆਪਣੇ ਰੁਝੇਵੇਂ ਅਜੇ ਉਲੀਕ ਹੀ ਰਹੇ ਸਨ ਕਿ ਪਿਤਾ ਸ. ਸਰਦਾਰਾ ਸਿੰਘ ਜੀ ੦੧-੧੧-੨੦੧੨ ਨੂੰ ਸਦੀਵੀ ਵਿਛੋੜਾ ਦੇ ਕੇ ਗੁਰਪੁਰੀ ਸਿਧਾਰ ਗਏ।

ਪਿਤਾ ਦੇ ਅਨਮੋਲ ਸੇਵਾ ਕਾਰਜ ਤੋਂ ਆਪ ਜੀ ਚੰਗੀ ਤਰ੍ਹਾਂ ਜਾਣੂ ਸਨ। ਕਿਉਂਕਿ ਸਮੇਂ ਸਮੇ ਡਿਊਟੀ ਤੋਂ ਆ ਕੇ ਜਾਂ ਛੁੱਟੀ ਵਾਲੇ ਦਿਨ ਆਪ ਜੀ ਸੇਵਾ ਵਿੱਚ ਯੋਗਦਾਨ ਪਾਉਂਦੇ ਰਹਿੰਦੇ ਸਨ। ਆਪ ਦੇ ਨਿੱਘੇ ਸੁਭਾਉ ਅਤੇ ਸੂਝ ਬੂਝ ਨੂੰ ਦੇਖਦੇ ਹੋਏ ਸਾਰੇ ਸੇਵਾਦਾਰਾਂ ਅਤੇ ਸੰਸਥਾ ਦੇ ਕਰਮਚਾਰੀਆਂ ਦੀ ਇਹੀ ਇੱਛਾ ਸੀ ਕਿ ਆਪ ਜੀ ਸੰਸਥਾ ਦੀ ਜਿਮੇਂਵਾਰੀ ਮੁੱਖ ਸੇਵਾਦਾਰ ਦੇ ਰੂਪ ਵਿੱਚ ਸੰਭਾਲਣ।

੨੨-੧੧-੨੦੧੨ ਨੂੰ ਸੰਸਥਾ ਦੇ ਭਵਨ ਵਿੱਚ, ਕਾਰਜਕਾਰਨੀ ਦੀ ਇਕੱਤਰਤਾ ਵਿੱਚ ਨਵੇਂ ਮੁਖੀ ਦੀ ਚੋਣ ਬਾਰੇ ਵੀਚਾਰ ਕੀਤੀ ਗਈ ਅਤੇ ਸਰਬ ਸੰਮਤੀ ਨਾਲ ਸ.ਕੁਲਬੀਰ ਸਿੰਘ ਜੀ ਨੂੰ ਸੰਸਥਾ ਦੇ ਮੁੱਖ-ਸੇਵਾਦਾਰ ਦੀ ਜਿਮੇਵਾਰੀ ਸੌਂਪ ਦਿੱਤੀ ਗਈ।

ਜਦ ਇਹ ਪੁਸਤਕ ਲਿਖੀ ਜਾ ਰਹੀ ਹੈ, ਉਸ ਸਮੇਂ ਆਪ ਜੀ ਨੂੰ ਇਹ ਜ਼ਿਮੇਵਾਰੀ ਨਿਭਾਉਂਦੇ ਹੋਏ ਪੰਜ ਸਾਲ ਬੀਤ ਚੁੱਕੇ ਹਨ। ਆਪ ਜੀ ਨੇ ਬੜੇ ਠਰ੍ਹੰਮੇ ਅਤੇ ਸੇਵਾ ਭਾਵਨਾ ਨਾਲ ਸੰਸਥਾ ਨੂੰ ਸੁਚਾਰੂ ਢੰਗ ਨਾਲ ਚਲਾਇਆ ਹੈ ਅਤੇ ਤਨਦੇਹੀ ਨਾਲ ਸੇਵਾ ਵਿੱਚ ਸਮਰਪਿਤ ਹਨ।



**ਸ. ਪਰਮਜੀਤ ਸਿੰਘ (ਜਥੇਦਾਰ) :** ਸ. ਪਰਮਜੀਤ ਸਿਘ ਜੀ ੨੦੧੨ ਵਿੱਚ ਪ੍ਰਾਸੀਕਿਊਸ਼ਨ ਅਤੇ ਲਿਟੀਗੇਸ਼ਨ ਵਿਭਾਗ, ਪੰਜਾਬ ਤੋਂ ਬਤੌਰ ਸੁਪਡੈਂਟ ਗ੍ਰੇਡ ੧ ਰਿਟਾਇਰ ਹੋਏ ਅਤੇ ਉਸ ਸਮੇ ਤੋਂ ਹੀ ਲਗਾਤਾਰ ਸੰਸਥਾ ਨੂੰ ਸਮਰਪਿਤ ਹਨ। ਇਸ ਤੋਂ ਪਹਿਲੇ ਵੀ ਆਪ ਜੀ ਸੰਸਥਾ ਵਿੱਚ ਆਉਦੇ ਰਹਿੰਦੇ ਸਨ । ਆਪ

ਜੀ ੨੦੦੩ ਤੋਂ ਸੰਸਥਾ ਨਾਲ ਜੁੜੇ ਹਨ ਅਤੇ ਸੰਸਥਾ ਦਾ ਆਪਣਾ ਭਵਨ ਬਣਨ ਤੋਂ ਪਹਿਲੇ ਆਪ ਜੀ ਸ. ਸਰਦਾਰਾ ਸਿੰਘ ਜੀ ਦੇ ਮੋਹਾਲੀ ਵਾਲੇ ਘਰ ਵਾਲੇ ਦੇ ਦਫਤਰ ਵਿੱਚ ਵੀ ਕਦੀ ਕਦੀ ਸੇਵਾ ਕਰਨ ਜਾਂਦੇ ਸਨ।ਸੰਸਥਾ ਦੀ ਪੱਤ੍ਰਿਕਾ ਆਪ ਜੀ ਕੋਲ ਪਹੁੰਚਦੀ ਸੀ ਤੇ ਸੰਸਥਾ ਦੁਆਰਾ ਪ੍ਰਕਾਸ਼ਿਤ ਪੁਸਤਕਾਂ ਵੀ ਆਪ ਜੀ ਪੜ੍ਹਦੇ ਸਨ। ਕੁਝ ਸਮੇ ਬਾਅਦ ਸ. ਅਮਰੀਕ ਸਿੰਘ ਦੀ ਜਗ੍ਹਾ ਤੇ ਪੱਤ੍ਰਿਕਾ ਦੀ ਹੱਥੀਂ ਵੰਡ ਸੇਵਾ ਵੀ ਸ਼ੁਰੂ ਕਰ ਦਿੱਤੀ।

ਸੇਵਾ ਮੁਕਤ ਹੋਣ ਤੋਂ ਬਾਅਦ ਆਪ ਜੀ ਨੇ ਦਿਨ ਦਾ ਪੂਰਾ ਸਮਾਂ ਸੰਸਥਾ ਦੇ ਪ੍ਰਬੰਧਕੀ ਕਾਰਜਾਂ ਲਈ ਸਮਰਪਿਤ ਕਰ ਦਿੱਤਾ। ਆਪ ਜੀ ਅੰਮ੍ਰਿਤਧਾਰੀ ਗੁਰਸਿੱਖ ਹਨ ਅਤੇ ਸੇਵਾ ਵਿੱਚ ਆਪ ਜੀ ਦੇ ਅਹਿਮ ਯੋਗਦਾਨ ਨੂੰ ਵੇਖਦੇ ਹੋਏ, ੨੦੧੩/੧੪ ਤੋਂ ਆਪ ਜੀ ਨੂੰ ਸੰਸਥਾ ਦੇ ਮੀਤ ਪ੍ਰਧਾਨ ਦੀ ਸੇਵਾ ਦੀ ਜਿੰਮੇਵਾਰੀ ਸੌਂਪੀ ਗਈ। ਜੋ ਆਪ ਜੀ ਗੁਰੂ ਕਿਰਪਾ ਸਦਕਾ ਬੜੇ ਨਿਮਰਤਾ ਭਾਵ ਨਾਲ ਨਿਭਾਅ ਰਹੇ ਹਨ। ਸ. ਸਰਦਾਰਾ ਸਿੰਘ ਜੀ ਨੇ ਆਪ ਜੀ ਨੂੰ ਪਿਆਰ ਨਾਲ ਜਥੇਦਾਰ ਕਹਿੰਦੇ ਸੰਬੋਧਨ ਕਰਦੇ ਸਨ ਅਤੇ ਇਸੇ ਨਾਮ ਨਾਲ ਹੀ ਸਭ ਆਪ ਜੀ ਨੂੰ ਸੰਬੋਧਨ ਕਰਦੇ ਹਨ।

ਆਪ ਜੀ ਦਾ ਕਾਫੀ ਲੰਮਾਂ ਸਮਾਂ ਸ. ਸਰਦਾਰਾ ਸਿੰਘ ਜੀ ਦੀ ਸੰਗਤ ਵਿੱਚ ਬਤੀਤ ਹੁੰਦਾ ਸੀ ਆਪ ਜੀ ਦੱਸਦੇ ਹਨ ਕਿ ਇੱਕ ਵਾਰ ਸ.ਸਰਦਾਰਾ ਸਿੰਘ ਜੀ ਨੇ ਪੁੱਛਿਆ ਕਿ "ਜਥੇਦਾਰ ! ਤੂੰ ਦਸਮ ਦੁਆਰ ਵੇਖ ਲਿਆ ?" ਮੇਰੇ ਵੱਲੋਂ ਨਾਂਹ ਵਿੱਚ ਜੁਵਾਬ ਮਿਲਣ ਤੇ ਆਪ ਜੀ ਨੇ ਸਮਝਾਇਆ ਕਿ ਅੰਮ੍ਰਿਤ ਵੇਲੇ ਜਾਗਣਾ ਹੈ ਅਤੇ ਉੱਠ ਕੇ ਨਾਮ ਜਪੀਦਾ ਹੈ। ਭਾਵੇਂ ਮੈ ਹਾਂ ਜੀ ਕਹਿ ਦਿੱਤਾ ਪਰ ਅੱਜ ਤੱਕ ਇਸ ਕਾਰਜ ਵਿੱਚ ਬਹੁਤਾ ਕਾਮਯਾਬ ਨਹੀਂ ਹੋ ਸਕਿਆ । ਸ. ਪਰਮਜੀਤ ਸਿੰਘ ਦੱਸਦੇ ਹਨ ਕਿ ਇੱਕ ਸਮੇਂ ਸ.ਸਰਦਾਰਾ ਸਿੰਘ ਜੀ ਕੋਲੋਂ ਉਨ੍ਹਾਂ ਨੇ ਪੁੱਛਿਆ ਕਿ ਨਾਮ ਕਿਵੇਂ ਜਪਿਆ ਜਾਏ ? ਆਪ ਜੀ ਕਹਿਣ ਲੱਗੇ "ਕਦੇ ਕਿਸੇ ਕੋਲੋਂ ਪੁੱਛਿਆ ਹੈ ਰੋਟੀ ਕਿਵੇਂ ਖਾਈਦੀ ਹੈ। ਜਿਨ੍ਹਾਂ ਨੇ ਨਾਮ ਜਪਣਾ ਹੁੰਦਾ ਹੈ ਉਹ ਢੰਗ ਨਹੀਂ ਪੁੱਛਦੇ, ਕੇਵਲ ਨਾਮ ਜਪਦੇ ਰਹਿੰਦੇ ਹਨ। ਵਾਹਿਗੁਰੂ ਵਾਹਿਗੁਰੂ ਕਹਿੰਦਾ ਰਿਹਾ ਕਰ। ਇਹੀ ਨਾਮ ਜਪਣਾ ਹੈ।"

ਭਾਈ ਸਾਹਿਬ ਜੀ ਦੀ ਇੱਛਾ ਸੀ ਕਿ ਸੰਸਥਾ ਵਿੱਚ ਆ ਕੇ, ਸੇਵਾ ਕਰਦਿਆਂ ਕੇਵਲ ਨਾਮ ਜਪਿਆ ਜਾਵੇ ਅਤੇ ਨਾਮ- ਬਾਣੀ ਦੀ ਵਿਚਾਰ ਹੋਵੇ। ਆਪ ਜੀ ਗੁਰਬਾਣੀ ਦੀ ਇਹ ਪੰਕਤੀ ਸੁਣਾ ਦਿੰਦੇ ਸਨ:

**ਹਾਥ ਪਾਉ ਕਰਿ ਕਾਮੁ ਸਭੁ ਚੀਤੁ ਨਿਰੰਜਨ ਨਾਲਿ ॥** (ਅੰਗ ੧੩੭੬)

ਆਪ ਕਹਿੰਦੇ ਹਨ ਕਿ ਸ. ਸਰਦਾਰਾ ਸਿੰਘ ਜੀ ਸਾਨੂੰ "ਗੁਰਬਾਣੀ ਇਸੁ ਜਗ ਮਹਿ ਚਾਨਣੁ" ਪ੍ਰਚਾਰ ਤੇ ਪ੍ਰਸਾਰ ਸੰਸਥਾ ਦੇ ਰੂਪ ਵਿੱਚ ਇੱਕ ਐਸਾ ਚਾਨਣ ਮੁਨਾਰਾ ਦੇ ਗਏ ਹਨ ਜੋ ਸਾਡੇ ਲਈ ਸ਼ਾਂਤੀ ਨਿਕੇਤਨ ਤੋਂ ਘੱਟ ਨਹੀਂ। ਭਾਈ ਸਾਹਿਬ ਜੀ ਆਪ ਖੁਦ ਹੀ ਇੱਕ ਸੰਸਥਾ ਸਨ ਜਿਨ੍ਹਾਂ ਨੇ ਸਾਡੀ ਜ਼ਿੰਦਗੀ ਵਿੱਚ ਬੜਾ ਭਾਰੀ ਬਦਲਾਅ ਕੀਤਾ।



**ਡਾ.ਗੁਰਬਚਨ ਸਿੰਘ** : ਡਾ. ਗੁਰਬਚਨ ਸਿੰਘ ਮਾਵੀ, ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਤੋਂ ੨੦੦੪ ਵਿੱਚ ਪ੍ਰੋਫੈਸਰ (ਕੀਟ ਵਿਗਿਆਨ) ਦੇ ਅਹੁਦੇ ਤੋਂ ਸੇਵਾ ਮੁਕਤ ਹੋ ਕੇ ਮਕਾਨ ਨੰ ੧੦੧੪, ਸੈਕਟਰ -੭੦, ਮੋਹਾਲੀ ਵਿੱਚ ਰਹਿ ਰਹੇ ਹਨ। ਆਪ ਜੀ ਨੇ ਆਪਣੇ ਵਿੱਦਿਅਕ ਖੇਤਰ ਵਿੱਚ ਬਹੁਤ ਪ੍ਰਾਪਤੀਆਂ ਕੀਤੀਆਂ ਅਤੇ ਜੱਸ ਖੱਟਿਆ ।

ਆਪ ਜੀ ਇਸ ਵੇਲੇ ੭੮ ਸਾਲ ਦੀ ਆਯੂ ਦੇ ਅੰਮ੍ਰਿਤਧਾਰੀ ਗੁਰਸਿੱਖ ਹਨ ਅਤੇ ਸਿੱਖ ਇਤਿਹਾਸ ਲਈ ਬਹੁਤ ਪਿਆਰ/ਸਤਿਕਾਰ ਅਤੇ ਖੋਜੀ ਬਿਰਤੀ ਰੱਖਦੇ ਹਨ। ਗੁਰਬਾਣੀ ਦੇ ਅਭਿਆਸੀ ਅਤੇ ਗੁਰਬਾਣੀ ਕੀਰਤਨ ਦੇ ਰਸੀਆ ਹਨ। ਗੁਰਬਾਣੀ ਵਿਚਾਰ ਦੀ, ਖੋਜੀ ਬਿਰਤੀ ਨਾਲ, ਸਹਿਕਰਮੀਆਂ ਨਾਲ ਵਿਚਾਰ ਗੋਸ਼ਟੀਆਂ ਕਰਨਾ ਵੀ ਆਪ ਜੀ ਦਾ ਮਨ ਭਾਉਂਦਾ ਵਿਸ਼ਾ ਹੈ।

ਆਪ ਜੀ ੧੯੯੧ ਤੋਂ ਸੰਸਥਾ ਨਾਲ ਜੁੜੇ ਹੋਏ ਹਨ ਅਤੇ ਇਸ ਸਮੇ ਸੰਸਥਾ ਦੀ ਪ੍ਰਬੰਧਕ ਕਮੇਟੀ ਦੇ ਮੈਂਬਰ ਅਤੇ ਪੱਤ੍ਰਿਕਾ "ਗੁਰਬਾਣੀ ਚਾਨਣੁ" ਦੇ ਸਹਿ ਸੰਪਾਦਕ ਹਨ। ਸ.ਸਰਦਾਰਾ ਸਿੰਘ ਜੀ ਨਾਲ ਆਪ ਜੀ ਦਾ ਬੜਾ ਪਿਆਰ ਸਤਿਕਾਰ ਦਾ ਸੰਬੰਧ ਸੀ। ਸੰਸਥਾ ਦੀ ਹਰ ਸਰਗਰਮੀ ਵਿੱਚ ਆਪ ਜੀ ਦਾ ਸਹਿਯੋਗ ਹੁੰਦਾ ਹੈ।

੨੦੧੪ ਵਿੱਚ ਜਦੋਂ ਚੋਣਵੀਆਂ ਗੁਰੂ ਸਾਹਿਬਾਨ ਦੀਆਂ ਸਾਖੀਆਂ ਲਿਖਣ ਦਾ ਸਹਿਯੋਗ ਗੁਰੂ ਪਿਆਰੇ ਗੁਰਸਿੱਖ ਸੇਵਾਦਾਰਾਂ ਕੋਲੋ ਸ. ਸਰਦਾਰਾ ਸਿੰਘ ਜੀ ਨੇ ਮੰਗਿਆ ਤਾਂ ਆਪ ਜੀ ਨੇ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੀ ਜੀਵਨੀ ਨਾਮ ਸੰਬੰਧਿਤ ਚੋਣਵੀਆਂ ਗੁਰੂ ਸਾਖੀਆਂ ਲਿਖ ਕੇ ਸੇਵਾ ਨਿਭਾਈ। ਅਕਤੂਬਰ ੨੦੧੭ ਵਿੱਚ ਇੱਕ ਲੇਖ ਤਰੁਟੀਆਂ ਸਮੇਤ ਅਣਗਹਿਲੀ ਨਾਲ ਛਪ ਗਿਆ। ਡਾ.ਸਾਹਿਬ ਨੇ ਭਾਈ ਸਰਦਾਰਾ ਸਿੰਘ ਜੀ ਨੂੰ ਬੇਨਤੀ ਕੀਤੀ ਕਿ ਸੋਨੂੰ ਨੂੰ ਕਹੋ ਕਿ ਬਿਨ੍ਹਾਂ ਸੁਧਾਈ ਕੀਤੇ ਲੇਖ ਨਾ ਛਾਪੇ ਜਾਣ ਜਿਸ ਦੇ ਉੱਤਰ ਵਿੱਚ ਸ.ਸਰਦਾਰਾ ਸਿੰਘ ਜੀ ਨੇ ਕਿਹਾ ਕਿ ਇਹ ਸਭ ਕੁਝ ਤੁਹਾਨੂੰ ਹੀ ਸੰਭਾਲ ਦੇਣਾ ਹੈ। ਇਸ ਤਰ੍ਹਾਂ ਆਪਣੇ ਅਕਾਲ

ਚਲਾਣੇ ਦਾ (ਇਸ਼ਾਰਾ) ਕੀਤਾ। ਬਾਲ ਗੁਰਮਤਿ ਪ੍ਰੀਖਿਆ ਲਈ ਜਦ ਸੰਸਥਾ ਸਿਲੇਬਸ ਬਣਾਉਣ ਲਈ ਕਮੇਟੀ ਬਣਾਈ ਗਈ ਤਾਂ ਆਪ ਜੀ ਦਾ ਸਿਲੇਬਸ ਬਣਾਉਣ ਵਿੱਚ ਬੜਾ ਮਹੱਤਵ ਪੂਰਣ ਯੋਗਦਾਨ ਰਿਹਾ। ਆਪ ਜੀ ਦੁਆਰਾ ਹੇਠ ਲਿਖੀਆਂ ਖੋਜ ਭਰਪੂਰ ਪੁਸਤਕਾਂ ਸੰਸਥਾ ਦੁਆਰਾ ਪ੍ਰਕਾਸ਼ਿਤ ਕੀਤੀਆਂ ਗਈਆਂ ਹਨ:

(੧) ਗਾਥਾ ਸ੍ਰੀ ਚਮਕੌਰ ਸਾਹਿਬ

(੨) ਸਾਕਾ ਨਨਕਾਣਾ ਸਾਹਿਬ ਦੀ ਇਤਿਹਾਸਕਾਰੀ

(੩) ਗੁਰੂ ਹਰਿਗੋਬਿੰਦ ਸਾਹਿਬ ਜੀ-ਜੀਵਨੀ


(੪) ਤ੍ਰੈ-ਸ਼ਹਿਰੀ ਇਤਿਹਾਸਕ ਗੁਰਦੁਆਰੇ

(੫) ਲਾਡਵਾਂ (ਹਰਿਆਣਾ) ਦੇ ਸਿੰਘ ਸ਼ਹੀਦ

ਇੱਥੇ ਇਹ ਵਰਣਨ ਯੋਗ ਹੈ ਕਿ ਇਤਿਹਾਸਕ ਤੱਥ ਆਪ ਜੀ ਨੇ ਪੁਰਾਤਨ ਲਿਖਤਾਂ ਤੋਂ ਲੈਣ ਦੇ ਨਾਲ ਨਾਲ ਆਪ ਪਿੰਡਾਂ ਵਿੱਚ ਜਾਂ ਇਤਿਹਾਸਿਕ ਸਥਾਨਾਂ ਤੇ ਜਾ ਕੇ ਵਾਰਸਾਂ ਨਾਲ ਵਿਚਾਰ ਵਟਾਂਦਰਾ ਕਰ ਕੇ ਲਿਖੇ ਹਨ ਅਤੇ ਪੂਰੀ ਤਨਦੇਹੀ ਨਾਲ ਮਿਹਨਤ ਕਰਕੇ ਹੀ ਆਪਣੀਆਂ ਪੁਸਤਕਾਂ ਦੀ ਸੰਪੂਰਨਤਾ ਕੀਤੀ ਹੈ।

ਆਪ ਜੀ ਦੇ ਖੋਜ ਭਰਪੂਰ ਇਤਿਹਾਸਿਕ ਲੇਖ ਅਤੇ ਗੁਰਬਾਣੀ ਦੇ ਅਨੇਕ ਵਿਸ਼ਿਆਂ ਬਾਰੇ ਲੇਖ ਪੱਤ੍ਰਿਕਾ ਵਿੱਚ ਲਗਾਤਾਰ ਛਪ ਰਹੇ ਹਨ।

ਆਪ ਜੀ ਸੰਸਥਾ ਦੇ ਹਫਤਾਵਾਰੀ ਅਤੇ ਮਹੀਨਾਵਾਰੀ ਸਮਾਗਮਾਂ ਵਿੱਚ ਕੀਰਤਨ ਦੀ ਸੇਵਾ ਵੀ ਨਿਭਾਉਂਦੇ ਹਨ। ਸੰਸਥਾ ਦੀ ਗੁਰਮਤਿ ਲਾਇਬ੍ਰੇਰੀ ਦੇ ਰੱਖ ਰਖਾਵ ਵਿੱਚ ਵੀ ਯੋਗਦਾਨ ਪਾਉਂਦੇ ਹਨ। ਅਰਦਾਸ ਜੋਦੜੀ ਕਰਦੇ ਹਨ ਕਿ ਗੁਰੂ ਸਾਹਿਬ ਸੰਗਤਾਂ ਨਾਲ ਅਤੇ ਸੇਵਾ ਨਾਲ ਜੋੜੀ ਰੱਖਣ।



**ਸ. ਬਲਦੇਵ ਸਿੰਘ ਪੰਛੀ :** ਸ. ਬਲਦੇਵ ਸਿੰਘ ਪੰਛੀ, ਨੌਕਰੀ ਦੌਰਾਨ, ਸ. ਸਰਦਾਰਾ ਸਿੰਘ ਜੀ ਦੇ, ਸਹਿਕਰਮੀ ਸਨ ਅਤੇ ਆਪ ਜੀ ਜਨਵਰੀ,੧੯੯੬ ਵਿੱਚ ਸ਼ਿਮਲਾ ਤੋਂ ਏ.ਜੀ.ਐਮ.(ਟੈਲੀਕੋਮ) ਦੇ ਅਹੁਦੇ ਤੋਂ ੬੦ ਸਾਲ ਦੀ ਆਯੂ ਉਪਰੰਤ, ਸੇਵਾ ਮੁਕਤ ਹੋਏ।

ਪੰਛੀ ਜੀ ਅੰਮ੍ਰਿਤਧਾਰੀ/ ਨਿਤਨੇਮੀ ਗੁਰਸਿੱਖ ਹਨ ਅਤੇ ਆਪ ਜੀ ਰਿਟਾਇਰ ਹੋਣ ਤੋਂ ਥੋੜੇ ਸਮੇਂ ਬਾਅਦ ਹੀ ਸੰਸਥਾ ਦੇ ਸੇਵਾ ਕਾਰਜਾਂ ਵਿੱਚ ਾ

**ਸ. ਹਰੀ ਸਿੰਘ ਕੁਵੈਤ ਵਾਲੇ :** ਸ. ਹਰੀ ਸਿੰਘ ਜੀ ਗੁਰੂ ਦੇ ਵਰਸੋਏ ਹੋਏ ਗੁਰਸਿੱਖਾਂ ਵਿੱਚੋਂ ਹਨ, ਜੋ ੮੭-੮੮ ਸਾਲ ਦੀ ਉਮਰ ਵਿੱਚ ਵੀ ਚੜ੍ਹਦੀ ਕਲਾ ਵਿੱਚ ਜ਼ਿੰਦਗੀ ਦਾ ਸਮਾਂ ਪ੍ਰਭੂ ਦੀ ਬੰਦਗੀ ਕਰ ਕੇ ਸਾਰਥਿਕ ਕਰ ਰਹੇ ਹਨ। ਆਪ ਦੇ ਬੱਚੇ ਵਿਦੇਸ਼ਾਂ ਵਿੱਚ ਹਨ ਅਤੇ ਆਪ ਜੀ ਆਪਣੇ ੩੫ ਸੈਕਟਰ ਵਾਲੇ ਘਰ ਵਿੱਚ ਨਿਵਾਸ ਰੱਖਦੇ ਹਨ।



ਆਪ ਜੀ ਹੁਸ਼ਿਆਰਪੁਰ ਜਿਲੇ ਦੇ ਪਿੰਡ ਤਲਵੰਡੀ ਜੱਟਾਂ ਦੇ ਰਹਿਣ ਵਾਲੇ ਹਨ ਆਪਨੇ ਜਵਾਨੀ ਵੇਲੇ ਕੁਵੈਤ ਵਿੱਚ ਨੌਕਰੀ ਕੀਤੀ ਅਤੇ ਵਣਜ ਵਪਾਰ ਵੀ ਕੀਤਾ। ਇਰਾਕ-ਕੁਵੈਤ ਯੁੱਧ ਲਗਣ ਸਮੇਂ ਆਪ ਜੀ ਵਾਪਸ ਇੰਡੀਆ ਆਏ।

ਆਪ ਜੀ ਦਾ ਸ. ਸਰਦਾਰਾ ਸਿੰਘ ਜੀ ਨਾਲ ਨਿੱਘਾ ਸਨੇਹ ਸੀ ਅਤੇ ਕੀਰਤਨ ਦੇ ਰਸੀਆ ਹੋਣ ਕਰਕੇ ਆਪ ਜੀ ਸੰਸਥਾ ਦੇ ਹਫਤਾਵਾਰੀ ਦੀਵਾਨ ਵਿੱਚ ਕਾਫ਼ੀ ਲੰਮੇ ਸਮੇਂ ਤੋਂ ਕੀਰਤਨ ਕਰਦੇ ਹਨ। ਆਪ ਜੀ ਦੱਸਦੇ ਹਨ ਕਿ ਆਪ ਨੇ ਰਾਗੀਆਂ ਕੋਲੋ ਕੀਰਤਨ ਸਿੱਖਿਆ ਅਤੇ ਆਪਣੇ ਬੱਚਿਆਂ ਨੂੰ ਵੀ ਸਿਖਾਇਆ। ਆਪ ਦੇ ਬੱਚੇ ਵੀ ਵਿਦੇਸ਼ਾਂ ਵਿੱਚ ਬੜਾ ਰਸ-ਭਿੰਨਾ ਕੀਰਤਨ ਕਰਦੇ ਹਨ। ਪਿਛਲੇ ਕੁਝ ਸਮੇਂ ਤੋਂ ਆਪ ਜੀ ਹਰ ਮਹੀਨੇ ਇਕ ਸਹਿਜ ਪਾਠ ਕਰਦੇ ਹਨ ਅਤੇ ਸੰਸਥਾ ਵਿੱਚ ਆ ਕੇ ਪਾਠ ਦਾ ਭੋਗ ਪਾਉਂਦੇ ਹਨ ਅਤੇ ਚਾਹ ਦੇ ਲੰਗਰ ਦੀ ਸੇਵਾ ਕਰਵਾਉਂਦੇ ਹਨ।

ਆਪ ਜੀ ਮਾਇਕ ਤੌਰ ਤੇ ਵੀ ਪ੍ਰਭੂ ਦੀ ਬਖਸ਼ਿਸ਼ ਵਿੱਚ ਹਨ ਇਸ ਕਰਕੇ ਸਮੇਂ ਸਮੇਂ ਸੰਸਥਾ ਵਿੱਚ ਦਸਵੰਧ ਦਿੰਦੇ ਹਨ ਅਤੇ ਜਰੂਰਤਮੰਦ ਬੱਚਿਆਂ ਦੀ ਸਹਾਇਤਾ ਲਈ ਸੰਸਥਾ ਦੇ ਸਹਿਯੋਗ ਨਾਲ ਹਰ ਸਾਲ ਵਜ਼ੀਫ਼ੇ ਦਾ ਪ੍ਰਬੰਧ ਵੀ ਕਰਦੇ ਹਨ। ਆਪ ਦੇ ਸਹਿਯੋਗ ਨਾਲ ਸੰਸਥਾ ਵਿੱਚ ਕੁਝ ਸਾਲ ਫਿਜੀਓ ਥੈਰਾਪੀ ਦੀ ਸੇਵਾ ਵੀ ਚੱਲਦੀ ਰਹੀ।

ਆਪ ਜੀ ਦੇ ਲਿਖੇ ਲੇਖ ਸੰਸਥਾ ਦੀ ਪੱਤ੍ਰਿਕਾ ਵਿੱਚ ੨੦੦੬ ਤੋਂ ਛਪ ਰਹੇ ਹਨ। ਆਪ ਜੀ ਦੀਆਂ ਗੁਰਮਤਿ ਅਧਾਰਿਤ ਹੇਠ ਲਿਖੀਆਂ ਪੁਸਤਕਾਂ ਸੰਸਥਾ ਦੇ ਸਹਿਯੋਗ ਨਾਲ ਛਪ ਚੁੱਕੀਆਂ ਹਨ :

(੧) ਕਿਉ ਲੀਜੈ ਗਢੁ ਬੰਕਾ ਭਾਈ, (੨) ਕੰਮ ਦੀਆਂ ਗੱਲਾਂ, (੩) ਗੁਣ ਕਹਿ ਗੁਣੀ ਸਮਾਵਣਿਆ, (੪) ਨਾਨਕ ਕੈ ਘਰਿ ਕੇਵਲ ਨਾਮੁ, (੫) ਗੁਰਮੁਖਿ ਪਿਆਰੇ ਆਇ ਮਿਲ, (੬) ਮਨ ਜੀਤੇ ਜਗੁ ਜੀਤੁ, (੭) ਗੁਰ ਸਤਿਗੁਰ ਕਾ ਜੋ ਸਿਖੁ ਅਖਾਏ, (੮) Aap savaareh mai mileh, (੯) Useful Thoughts, (੧੦) Ae Man Pyareya

ਬਾਲ ਗੁਰਮਤਿ ਪ੍ਰੀਖਿਆ ਲਈ ੨੦੧੪-੧੫ ਵਿੱਚ ਜਦੋਂ ਗੁਰੂ ਸਾਹਿਬਾਨ ਦੀਆਂ ਚੋਣਵੀਆਂ ਗੁਰੂ ਸਾਖੀਆਂ ਲਿਖਣ ਦਾ ਪ੍ਰੋਗਰਾਮ ਬਣਿਆ ਤਾਂ ਆਪ ਜੀ ਦੀ ਸੇਵਾ ਗੁਰੂ ਅੰਗਦ ਦੇਵ ਜੀ ਦੀਆਂ ਚੋਣਵੀਆਂ ਗੁਰੂ-ਸਾਖੀਆਂ ਲਿਖਣ ਲਈ, ਭਾਈ ਸਾਹਿਬ ਸ.ਸਰਦਾਰਾ ਸਿੰਘ ਜੀ ਵਲੋਂ ਲਗਾਈ ਜਿਸ ਨੂੰ ਆਪ ਜੀ ਨੇ ਬਾਖੂਬੀ ਨਿਭਾਇਆ।

**ਸ. ਰਘਬੀਰ ਸਿੰਘ :** ਸ. ਰਘਬੀਰ ਸਿੰਘ ਜੀ ਅੰਮ੍ਰਿਤਧਾਰੀ ਗੁਰਸਿੱਖ ਹਨ ਅਤੇ ਸ. ਸਰਦਾਰਾ ਸਿੰਘ ਜੀ ਦੀ ਸਖਸ਼ੀਅਤ ਤੋਂ ਪ੍ਰਭਾਵਿਤ ਹੋ ਕੇ ਸੰਸਥਾ ਨਾਲ ਸੰਪਰਕ ਕਾਇਮ ਕੀਤਾ।



ਆਪ ਜੀ ਡਿਪਟੀ ਅਕਾਊਟੈਂਟ ਜਨਰਲ (ਆਡਿਟ) ਪੰਜਾਬ ਦੀ ਪੋਸਟ ਤੋਂ ਮਿਤੀ ੩੧-੦੩-੨੦੧੪ ਵਿੱਚ ਸੇਵਾ ਮੁਕਤ ਹੋਏ ਹਨ। ਪਰ ਸੰਸਥਾ ਨਾਲ ਸੰਬੰਧ ਆਪ ਜੀ ਦਾ ੨੦੦੫ ਤੋਂ ਹੈ। ਸਰਵਿਸ ਦੌਰਾਨ ਆਪ ਜੀ ਛੁੱਟੀ ਵਾਲੇ ਦਿਨ ਸੰਸਥਾ ਵਿੱਚ ਸੇਵਾ ਕਰਦੇ ਸਨ ਅਤੇ ਪੱਤ੍ਰਿਕਾ ਦੀ ਹੱਥੀਂ ਵੰਡ ਸੇਵਾ ਵੀ ਕਰਦੇ ਹਨ।

ਸੇਵਾ ਮੁਕਤ ਹੋ ਕੇ ਆਪ ਜੀ ਲਗਾਤਾਰ ਸੰਸਥਾ ਵਿੱਚ ਸੇਵਾ ਕਰ ਰਹੇ ਹਨ ਅਤੇ ਪੱਤ੍ਰਿਕਾ ਦੀ ਹੱਥੀਂ ਵੰਡ ਸੇਵਾ ਵੀ ਕਰਦੇ ਹਨ। ਆਪ ਜੀ ਪਿਛਲੇ ਦੋ ਸਾਲਾਂ ਤੋਂ, ਸੰਸਥਾ ਦੀ ਜ਼ਰੂਰਤ ਮੁਤਾਬਿਕ, ਸੰਸਥਾ ਦੇ ਅਕਾਊਂਟਸ ਦੀ ਆਡਿਟ ਦੀ ਸੇਵਾ ਵੀ ਨਿਭਾਉਂਦੇ ਹਨ।

ਆਪ ਜੀ ਕਹਿੰਦੇ ਹਨ ਕਿ ਸੰਸਥਾ ਦੇ ਵਾਤਾਵਰਣ ਦੇ ਪ੍ਰਭਾਵ ਅਤੇ ਸ. ਸਰਦਾਰਾ ਸਿੰਘ ਜੀ ਦੀਆਂ ਅਸੀਸਾਂ ਸਦਕਾ ਹਰ ਸਾਲ, ਆਪਣੇ ਜਨਮ ਦਿਵਸ ਤੋਂ ਅਗਲੇ ਜਨਮ ਦਿਵਸ ਤਕ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਇੱਕ ਸਹਿਜ ਪਾਠ ਦੀ ਸੇਵਾ ਲਗਾਤਾਰ ੨੦੦੫ ਤੋ ਗੁਰੂ ਸਾਹਿਬ ਲੈ ਰਹੇ ਹਨ। ਗੁਰੂ ਬਖਸ਼ਿਸ਼ ਕਰੇ ਗੁਰੂ ਅਤੇ ਸੇਵਾ ਨਾਲ ਇਹ ਲਗਾਉ ਜ਼ਿੰਦਗੀ ਭਰ ਨਿਬਹੇ।

**ਸ. ਗੁਲਜ਼ਾਰ ਸਿੰਘ :** ਗੁਲਜਾਰ ਸਿੰਘ ਜੋ ਅੰਮ੍ਰਿਤਧਾਰੀ ਗੁਰੂ ਦੇ ਸਿੱਖ ਹਨ, ੬੦ ਸਾਲ ਦੀ ਆਯੂ ਪੂਰੀ ਕਰ, ੨੦੦੯ ਵਿੱਚ ਬੈਂਕ ਤੋਂ ਰਿਟਾਇਰ ਹੋਏ। ਪਰ ਸੰਸਥਾ ਦੀ ਪੱਤ੍ਰਿਕਾ ੨੦੦੫ ਤੋਂ ਹੀ ਹੱਥੀਂ-ਵੰਡ ਸੇਵਾ ਵਾਲੇ ਗੁਰੂ ਪਿਆਰਿਆਂ ਨੇ ਆਪ ਜੀ ਦੇ ਦਫ਼ਤਰ ਪਹੁੰਚਾਉਣੀ ਸ਼ੁਰੂ ਕਰ ਦਿੱਤੀ ਸੀ। ਰਿਟਾਇਰ ਹੋ ਕੇ, ੨੦੦੯ ਤੋਂ ਸੰਸਥਾ ਦੇ ਮਹੀਨਾਵਾਰੀ ਸਮਾਗਮ ਵਿੱਚ ਆਉਣਾ ਸ਼ੁਰੂ ਕੀਤਾ ਅਤੇ ਫਿਰ ਸਹਿਜੇ ਸਹਿਜੇ ਸ. ਸਰਦਾਰਾ ਸਿੰਘ ਜੀ ਨਾਲ ਵਿਚਾਰ ਸਾਂਝੇ ਕਰਨ ਦਾ ਮੌਕਾ ਬਣਿਆ। ਜਿਸ ਨਾਲ ਪੱਤ੍ਰਿਕਾ ਦੀ ਸੇਵਾ ਦੇ ਕਾਰਜਾਂ ਵਿੱਚ ਭਾਗ ਲੈਣਾ ਸ਼ੁਰੂ ਕੀਤਾ।



ਪੰਜਾਬੀ ਵਿੱਚ ਕੁਝ ਲਿਖਣ ਦਾ ਰੁਝਾਨ ਵਿਦਿਆਰਥੀ ਜੀਵਨ ਤੋਂ ਹੀ ਸੀ, ਸੋ ਲੇਖ ਲਿਖ ਕੇ ਸੰਸਥਾ ਨੂੰ ਦਿੱਤਾ, ਜੋ ਸੁਧਾਈ ਤੋਂ ਬਾਅਦ ਪੱਤ੍ਰਿਕਾ ਵਿੱਚ ਛਪ ਗਿਆ। ਇਸ ਤਰ੍ਹਾਂ ਸੰਸਥਾ ਨਾਲ ਮੇਲ ਜੋਲ ਸ਼ੁਰੂ ਹੋਇਆ।

ਸ.ਗੁਲਜਾਰ ਸਿੰਘ ਦੱਸਦੇ ਹਨ ਕਿ ਇੱਕ ਦਿਨ ਪੱਤ੍ਰਿਕਾ ਦੀ ਸੇਵਾ ਦੌਰਾਨ ਸ.ਸਰਦਾਰਾ ਸਿੰਘ ਜੀ ਕਹਿਣ ਲੱਗੇ ਜੇ ਮੈ ਆਪ ਜੀ ਨੂੰ ਗੁਰੂ ਨਾਨਕ ਦੇਵ ਜੀ ਦੇ ਜੀਵਨ ਬਾਰੇ ੫੦ ਸਵਾਲ ਲਿਖਣ ਲਈ ਕਹਾਂ ਤਾਂ ਲਿਖ ਲਵੋਗੇ। ਹਾਮੀ ਭਰਨ ਤੇ ਉਸੇ ਵੇਲੇ ਕੁਝ ਕਾਗਜ਼ ਅਤੇ ਪੈਨ ਦੇ ਦਿੱਤਾ ਅਤੇ ਅਲੱਗ ਬੈਠ ਕੇ ਲਿਖਣ ਲਈ ਕਿਹਾ। ਲਗਭਗ ਇੱਕ ਘੰਟੇ ਵਿੱਚ ੫੦ ਪ੍ਰਸ਼ਨ ਲਿਖ ਕੇ ਦੇ ਦਿੱਤੇ, ਜੋ ਆਪ ਜੀ ਨੇ ਆਪਣੇ ਕੋਲ ਰੱਖ ਲਏ। ਇੰਜ ਲੱਗਾ ਜਿਵੇਂ ਆਪ ਜੀ ਕੋਈ ਯੋਜਨਾ ਬਣਾ ਰਹੇ ਹਨ।

੨੦੧੪ ਵਿੱਚ ਆਪਣੀ ਪਹਿਲੀ ਪੁਸਤਕ " ਸਹਿਜ" ਦਾ ਖਰੜਾ ਸ.ਸਰਦਾਰਾ ਸਿੰਘ ਜੀ ਨੂੰ ਭੇਟ ਕੀਤਾ। ਪਰ ਆਪ ਜੀ ਨੇ ਕਿਹਾ ਕਿ ੧੦ ਗੁਰੂ ਸਾਹਿਬਾਨ ਦੀਆਂ ਚੋਣਵੀਆਂ ਗੁਰੂ ਸਾਖੀਆਂ ਦੀਆ ਅਲੱਗ ਅਲੱਗ ਛੋਟੀਆਂ ਪੁਸਤਕਾਂ ਬਣਾ ਕੇ ਬੱਚਿਆਂ ਵਿੱਚ ਵੰਡਣੀਆਂ ਹਨ ਅਤੇ ਫਿਰ 'ਬਾਲ ਗੁਰਮਤਿ ਪ੍ਰੀਖਿਆ' ਕਰਾ ਕੇ ਬੱਚਿਆਂ ਨੂੰ ਇਨਾਮ ਦੇ ਕੇ ਬੱਚਿਆਂ ਨੂੰ ਗੁਰਮਤਿ ਨਾਲ ਜੋੜਨ ਦਾ ਪ੍ਰੋਗਰਾਮ ਹੈ, ਜੋ ਵੱਡਾ ਕਾਰਜ ਹੈ। ਇਸ ਲਈ ਤੁਹਾਡੀ ਪੁਸਤਕ ਦਾ ਖਰੜਾ ਘੋਖਣ ਲਈ ਕੁਝ ਸਮਾਂ ਲੱਗ ਜਾਵੇਗਾ।

ਸ.ਗੁਲਜਾਰ ਸਿੰਘ ਨੇ ਸੰਸਥਾ ਦੁਆਰਾ ਉਲੀਕੇ ਕਾਰਜ ਵਿੱਚ ਸੇਵਾ ਲਈ ਬੇਨਤੀ ਕੀਤੀ ਤਾਂ ਆਪ ਜੀ ਨੇ ਗੁਰੂ ਰਾਮ ਦਾਸ ਜੀ ਦੀ ਜੀਵਨੀ ਵਿੱਚੋਂ ਚੋਣਵੀਆਂ ਗੁਰੂ ਸਾਖੀਆਂ ਲਿਖਣ ਦੀ ਸੇਵਾ ਬਖਸ਼ੀ। ਇਹ ਕੰਮ ਮੁਕੰਮਲ ਹੋ ਜਾਣ ਤੇ ਪੁਸਤਕ "ਸਹਿਜ" ਵੀ ੨੦੧੫ ਵਿੱਚ, ਸੰਸਥਾ ਵਲੋਂ ਛਪਣ ਦੀ ਸਹਿਮਤੀ ਮਿਲ ਗਈ।

ਬਾਲ ਗੁਰਮਤਿ ਪ੍ਰੀਖਿਆ ਦਾ ਸਿਲੇਬਸ ਬਣਾ ਕੇ, ਉਸ ਅਨੁਸਾਰ ਬੱਚਿਆਂ ਦੇ ਪੜ੍ਹਨ ਲਈ ਤਿੰਨ ਪੁਸਤਕਾਂ ਤਿਆਰ ਕੀਤੀਆਂ : (੧) ਗੁਰਮਤਿ ਪ੍ਰੀਖਿਆ ਭਾਗ ਪਹਿਲਾ (੨) ਗੁਰਮਤਿ ਪ੍ਰੀਖਿਆ ਭਾਗ ਦੂਜਾ (੩) ਗੁਰਮਤਿ ਬੋਧ

ਉਪਰੰਤ ਪੇਪਰ ਤਿਆਰ ਕਰਨੇ, ਪ੍ਰੀਖਿਆ ਲਈ ਆਵੇਦਨ, ਪ੍ਰੀਖਿਆ ਕੇਂਦਰ, ਪੇਪਰ ਚੈੱਕ ਕਰਨੇ/ਕਰਵਾਉਣੇ ਅਤੇ ਨਤੀਜਾ ਤਿਆਰ ਕਰਨ ਦੀ ਸੇਵਾ ਸ.ਗੁਲਜਾਰ ਸਿੰਘ ਨੂੰ ਸੌਂਪੀ ਗਈ। ਸੰਨ ੨੦੧੫, ੨੦੧੬ ਅਤੇ ੨੦੧੭ ਵਿੱਚ ਹਰ ਸਾਲ ੩੫੦੦ ਤੋਂ ੫੦੦੦ ਅਲੱਗ ਅਲੱਗ ਸਕੂਲਾਂ ਦੇ ਵਿਦਿਆਰਥੀਆਂ ਨੇ ਪ੍ਰੀਖਿਆ ਵਿੱਚ ਭਾਗ ਲਿਆ ਅਤੇ ਇਨਾਮ ਵੰਡ ਸਮਾਗਮ ਵੀ ਬੜੀ ਗਰਮਜੋਸ਼ੀ ਵਿੱਚ ਹੋਏ। ਸ. ਸਰਦਾਰਾ

ਸਿੰਘ ਜੀ ਨੇ ਸੇਵਾ ਤੋਂ ਖੁਸ਼ ਹੋ ਕੇ ਹਰ ਸਾਲ ਸ.ਗੁਲਜ਼ਾਰ ਸਿੰਘ ਨੂੰ ਅਤੇ ਇਸ ਪ੍ਰੋਗਰਾਮ ਵਿੱਚ ਸੇਵਾ ਕਰਨ ਵਾਲੇ ਹੋਰ ਸੇਵਾਦਾਰਾਂ ਨੂੰ ਸਿਰੋਪੇ ਨਾਲ ਨਿਵਾਜਿਆ। ੨੦੧੭ ਵਿੱਚ ਭਾਈ ਸਾਹਿਬ ਜੀ ਦੇ ਪ੍ਰਲੋਕ ਗਮਨ ਦੇ ਬਾਅਦ, ਸੰਸਥਾ ਦੀ ਪੱਤ੍ਰਿਕਾ ਵੱਲ ਪੂਰਾ ਧਿਆਨ ਦੇਣ ਲਈ , ਪ੍ਰਬੰਧਕੀ ਕਮੇਟੀ ਨੇ ਬਾਲ ਗੁਰਮਤਿ ਪ੍ਰੀਖਿਆ ਦਾ ਪ੍ਰੋਗਰਾਮ ਕੁਝ ਸਮੇਂ ਲਈ ਬੰਦ ਕਰ ਦਿੱਤਾ। ਗੁਰੂ ਬਖਸ਼ਿਸ਼ ਸਦਕਾ ਗੁਲਜ਼ਾਰ ਸਿੰਘ ਕੋਲੋਂ ਹੁਣ ਤੱਕ ਗੁਰੂ ਸਾਹਿਬ ਨੇ ਹੇਠ ਲਿਖੀਆਂ ਚਾਰ ਪੁਸਤਕਾਂ ਦੀ ਸੇਵਾ ਵੀ ਲਈ ਹੈ :

੧.) ਚੋਣਵੀਆਂ ਗੁਰੂ ਸਾਖੀਆਂ-ਚੌਥੇ ਪਾਤਸ਼ਾਹ ਸ੍ਰੀ ਗੁਰੂ ਰਾਮ ਦਾਸ ਜੀ,

੨.) ਸੰਖੇਪ ਜੀਵਨ-ਸ਼ਹੀਦਾਂ ਦੇ ਸਿਰਤਾਜ ਸ੍ਰੀ ਗੁਰੂ ਅਰਜਨ ਦੇਵ ਜੀ

੩.) ਸਹਿਜ

੪.) ਗੁਰ ਗਿਆਨ ਦਰਪਣ

ਸ.ਗੁਲਜ਼ਾਰ ਸਿੰਘ ਦੇ ਲੇਖ ਵੀ ਪੱਤ੍ਰਿਕਾ ਵਿੱਚ ਲਗਾਤਾਰ ਛਪ ਰਹੇ ਹਨ ਅਤੇ ਗੁਰੂ ਬਖਸ਼ਿਸ਼ ਸਦਕਾ ਆਪ ਹਰ ਸਨੀਚਰਵਾਰ ਦੇ ਸਮਾਗਮ ਵਿੱਚ ਕੀਰਤਨ ਕਰਕੇ ਗੁਰੂ ਦੀਆਂ ਅਸੀਸਾਂ ਪ੍ਰਾਪਤ ਕਰਦੇ ਹਨ। ਸ. ਗੁਲਜ਼ਾਰ ਸਿੰਘ ਅਰਦਾਸ ਕਰਦੇ ਹਨ ਕਿ ਗੁਰੂ ਕਿਰਪਾ ਕਰੇ ਇਹ ਰੰਗ ਆਖ਼ਰੀ ਸੁਆਸ ਤੱਕ ਬਣਿਆ ਰਹੇ।




**ਸ. ਸੁਰਜੀਤ ਸਿੰਘ :** ਸ.ਸੁਰਜੀਤ ਸਿੰਘ ਰੇਲਵੇ ਮਹਿਕਮੇ ਤੋਂ ਚੀਫ ਇੰਜੀਨੀਅਰ ਦੇ ਅਹੁਦੇ ਤੋਂ ੧੯੯੩ ਵਿੱਚ ਰਿਟਾਇਡ ਹੋ ਕੇ ਆਪਣੇ ਮਕਾਨ ਨੰ: ੩੧, ਫੇਜ ੩ਬੀ ੧ (ਸੈਕਟਰ-੬੦) ਮੋਹਾਲੀ ਵਿੱਚ ਰਹਿ ਰਹੇ ਹਨ। ਇਸ ਸਮੇਂ ਆਪ ਦੀ ਉਮਰ ੮੭ ਸਾਲ ਹੈ। ਆਪ ਜੀ ਗੁਰਬਾਣੀ ਦੇ ਰਸੀਆ ਹਨ ਅਤੇ ਗੁਰਬਾਣੀ-ਵਿਚਾਰ ਵਿੱਚ ਬਹੁਤ ਲਗਨ ਦੇ ਧਾਰਨੀ ਹਨ। ਸਤਿਸੰਗਤ ਦਾ ਲਾਹਾ ਲੈਣ ਲਈ ਆਪ ਦਿੱਲੀ ਤੋਂ ਦੋਦੜਾ (ਜਿਲਾ ਸੁਨਾਮ) ਜਾਂਦੇ ਰਹੇ ਅਤੇ ਕਮਾਈ ਵਾਲੇ ਗੁਰਸਿੱਖ ਪਿਆਰੇ ਬਾਬੂ ਜੀ ਨਾਲ ਮਿਲਾਪ ਉਪਰੰਤ ਗੁਰੂ ਗ੍ਰੰਥ ਸਾਹਿਬ ਦਾ ਵਿਆਖਿਆ ਸਹਿਤ ਪਾਠ/ ਸੁਣਨ ਦੀ ਜਗਿਆਸਾ ਪੈਦਾ ਹੋਈ। ਗੁਰੂ ਕਿਰਪਾ ਸਦਕਾ ਆਪ ਜੀ ਨੇ ਪ੍ਰੋ: ਸਾਹਿਬ ਸਿੰਘ ਦੇ ਗੁਰੂ ਗ੍ਰੰਥ ਸਾਹਿਬ ਦੇ ਟੀਕੇ ਦੀਆਂ ੧੦ ਸੈਂਚੀਆਂ ਪ੍ਰਾਪਤ ਕੀਤੀਆਂ ਅਤੇ ਉਨ੍ਹਾਂ ਦੁਆਰਾ ਗੁਰੂ ਸਾਹਿਬ ਨੇ ਲਗਾਤਾਰ ੧੩ ਵਾਰ ਖੁੱਲ੍ਹੇ ਪਾਠ ਦੀ ਸੇਵਾ ਲਈ।

ਆਪ ਜੀ ਦੱਸਦੇ ਹਨ ਕਿ ਗੁਰ ਕ੍ਰਿਪਾ ਸਦਕਾ, ੨੦੦੮ ਵਿੱਚ ਸ. ਸਰਦਾਰਾ

ਸਿੰਘ ਜੀ ਨਾਲ ਸੰਸਥਾ ਦੇ ਭਵਨ ਵਿੱਚ ਮਿਲਣ ਦਾ ਸੁਭਾਗ ਪ੍ਰਾਪਤ ਹੋਇਆ। ਭਾਈ ਸਾਹਿਬ ਦੇ ਬਚਨਾਂ ਨੇ ਆਤਮਾ ਨੂੰ ਟੁੰਬਿਆ ਅਤੇ ਅਨੰਦਿਤ ਕੀਤਾ। ਇਸ ਤੋਂ ਇਲਾਵਾ ਮਾਸਿਕ ਪੱਤ੍ਰਿਕਾ ਦੀ ਚੱਲ ਰਹੀ ਨਿਸ਼ਕਾਮ ਸੇਵਾ ਬਹੁਤ ਅੱਛੀ ਲੱਗੀ। ਬੇਨਤੀ ਪ੍ਰਵਾਨ ਕਰਦੇ ਹੋਏ, ਸ. ਸਰਦਾਰਾ ਸਿੰਘ ਜੀ ਨੇ ਸੇਵਾ ਕਰਨ ਦੀ ਇਜਾਜ਼ਤ ਦੇ ਦਿੱਤੀ, ਜਿਹੜੀ ਉਹਨਾਂ ਨੇ ਨੇਮ ਨਾਲ ਕਰਨੀ ਅਰੰਭ ਕਰ ਦਿੱਤੀ।

ਇਸ ਦੇ ਨਾਲ ਨਾਲ, ਕਿਉਂਕਿ ਆਪ ਜੀ ਕੀਰਤਨ ਕਰਨ ਦਾ ਅਭਿਆਸ ਕਰ ਰਹੇ ਸਨ ਸੋ ਸੰਸਥਾ ਵਿੱਚ ਹਫਤਾਵਾਰੀ ਕੀਰਤਨ ਸਮਾਗਮ ਵਿੱਚ ਸ਼ਬਦ ਗਾਇਨ ਕਰਨ ਦਾ ਸੁਭਾਗ ਪ੍ਰਾਪਤ ਹੋਇਆ। ਸੰਸਥਾ ਵਿੱਚ ਇੱਕ ਵਿਸ਼ਾਲ ਗੁਰਮਤਿ ਲਾਇਬ੍ਰੇਰੀ ਵੀ ਹੈ ਜਿੱਥੇ ਬਹੁਤ ਸਾਰੇ ਧਾਰਮਿਕ ਗ੍ਰੰਥ ਅਤੇ ਕਿਤਾਬਾਂ ਹਨ । ਇਹ ਵੀ ਪੜ੍ਹਨ ਦਾ ਅਵਸਰ ਪ੍ਰਾਪਤ ਹੋਇਆ। ਪੱਤ੍ਰਿਕਾ ਦੀ ਸੇਵਾ ਕਰਦਿਆਂ ਸਤਿਸੰਗੀਆਂ ਨਾਲ ਗੁਰਮਤਿ ਵਿਚਾਰਾਂ ਕਰਨ ਦਾ ਵੀ ਬਹੁਤ ਲਾਭ ਹੋ ਰਿਹਾ ਹੈ।

ਸਭ ਤੋ ਉੱਤਮ ਗੱਲ ਇਹ ਹੈ ਕਿ ੨੦੦੮ ਤੋ ੨੦੧੭ ਤੱਕ ਗੁਰੂ ਦੇ ਵਰੋਸਾਏ ਸ. ਸਰਦਾਰਾ ਸਿੰਘ ਜੀ ਨਾਲ ਲਗਭਗ ੧੦ ਸਾਲ ਨਜਦੀਕ ਤੋਂ ਵਿਚਰਨ ਅਤੇ ਵਿਚਾਰ ਗੋਸ਼ਟੀ ਕਰਨ ਦਾ ਅਵਸਰ ਪ੍ਰਾਪਤ ਹੋਇਆ। ਗੁਰਮਤਿ ਦੇ ਗੁੱਝੇ ਭੇਦ (ਅਨਹਦ ਸ਼ਬਦ) ਬਾਰੇ ਵੀ ਵੀਚਾਰਾਂ ਹੁੰਦੀਆਂ ਰਹੀਆਂ ਅਤੇ ਕਈ ਗੁਰਮਤਿ ਦੇ ਬਰੀਕੀ ਵਾਲੇ ਵਿਸ਼ਿਆਂ ਬਾਰੇ ਅਗਵਾਈ ਮਿਲੀ। ਪਿਛਲੇ ਲਗਭਗ ੧੪ ਸਾਲਾਂ ਤੋ ਗੁਰੂ ਜੀ ਨੇ ਸੰਸਥਾ ਵਿੱਚ ਸੇਵਾ ਲਈ ਹੈ ਅਤੇ ਗੁਰੂ ਕ੍ਰਿਪਾ ਕਰੇ ਜ਼ਿੰਦਗੀ ਦਾ ਰਹਿੰਦਾ ਸਮਾਂ ਵੀ ਸੇਵਾ ਵਿੱਚ ਬੀਤੇ। ਆਪ ਜੀ ੪/੫ ਘੰਟੇ ਰੋਜ ਸੰਸਥਾ ਦੀ ਸੇਵਾ ਵਿੱਚ ਬਿਤਾਉਂਦੇ ਹਨ ਅਤੇ ਆਪ ਜੀ ਬਹੁਤ ਬਜ਼ੁਰਗ ਹਨ ਸੋ ਸਾਰੇ ਸੇਵਾਦਾਰ ਆਪ ਜੀ ਨੂੰ ਪਿਆਰ ਸਤਿਕਾਰ ਨਾਲ "ਚੀਫ ਸਾਹਿਬ" ਕਹਿ ਕੇ ਬੁਲਾਉਂਦੇ ਹਨ।



**ਪ੍ਰੋਫੈਸਰ ਸ.ਬੇਅੰਤ ਸਿੰਘ :** ਆਪ ਜੀ ਦਾ ਜਨਮ ੦੧-੦੧-੧੯੩੫ ਨੂੰ ਮਾਤਾ ਸ੍ਰੀਮਤੀ ਜਸਵੰਤ ਕੌਰ ਦੀ ਕੁੱਖ ਤੋਂ ਪਿਤਾ ਸ.ਹਰਬੰਸ ਸਿੰਘ ਡੀ.ਐਸ.ਪੀ. ਦੇ ਘਰ ਪਟਿਆਲਾ ਵਿਖੇ ਹੋਇਆ। ਆਪ ਜੀ ਨੇ ਐਮ.ਏ. ਇੰਗਲਿਸ਼ ਮਹਿੰਦਰਾ ਕਾਲਜ ਪਟਿਆਲਾ ਤੋਂ ਪ੍ਰਾਪਤ ਕੀਤੀ। ੧੯੬੧ ਵਿੱਚ ਮਾਤਾ ਗੁਜਰੀ ਕਾਲਜ, ਫਤਿਹਗੜ੍ਹ ਸਾਹਿਬ ਵਿੱਚ ਅੰਗ੍ਰੇਜੀ ਦੇ ਅਧਿਆਪਕ ਵਜੋਂ ਸੇਵਾ ਅਰੰਭ ਕੀਤੀ। ੧੯੬੨ ਵਿੱਚ ਸਰਕਾਰੀ ਕਾਲਜ, ਜੀਂਦ ਵਿੱਚ

ਅੰਗ੍ਰੇਜ਼ੀ ਦੇ ਲੈਕਚਰਾਰ ਵਜੋਂ ਨੌਕਰੀ ਲਈ। ੧੯੬੬ ਵਿੱਚ ਬਦਲ ਕੇ ਸਰਕਾਰੀ ਕਾਲਜ ਲੁਧਿਆਣਾ ਆ ਗਏ। ੧੯੬੭ ਵਿੱਚ ਸਰਕਾਰੀ ਕਾਲਜ, ਸੈਕਟਰ ੧੧, ਚੰਡੀਗੜ੍ਹ ਆ ਗਏ ਜਿਥੇ ੨੬ ਸਾਲ ਤੱਕ ਲੰਮੀ ਸੇਵਾ ਨਿਭਾਈ ਅਤੇ ਇਥੋਂ ਹੀ ੧੯੯੩ ਵਿੱਚ ਅੰਗ੍ਰੇਜੀ ਵਿਭਾਗ ਦੇ ਮੁਖੀ ਵਜੋਂ ਸੇਵਾ ਮੁਕਤ ਹੋਏ। ਉਪਰੰਤ ਆਪ ਜੀ ਨੇ ਸਪੋਕਸਮੈਨ ਅੰਗ੍ਰੇਜੀ ਵਿੱਚ ਐਡੀਟਰ ਦੇ ਤੌਰ ਤੇ ੧੫ ਸਾਲ ਲਗਾਤਾਰ ਸੇਵਾਵਾਂ ਦਿੱਤੀਆਂ।

ਪ੍ਰੋ. ਸ.ਬੇਅੰਤ ਸਿੰਘ ਜੀ ਦਾ 'ਗੁਰਬਾਣੀ ਚਾਨਣੁ' ਸੰਸਥਾ ਲਈ ਅਤੇ ਇਸ ਦੇ ਬਾਨੀ ਸ.ਸਰਦਾਰਾ ਸਿੰਘ ਜੀ ਲਈ ਬੜਾ ਹੀ ਸਨੇਹ ਭਰਿਆ ਸੰਬੰਧ ਰਿਹਾ ਹੈ। ਆਪ ਜੀ ਆਪਣੇ ਰੁਝੇਵਿਆਂ ਵਿਚੋਂ ਕੀਮਤੀ ਸਮਾਂ ਕੱਢ ਕੇ ਆਪਣੀਆਂ ਲੇਖਣੀਆਂ ਦੁਆਰਾ ਅਤੇ ਦਸਵੰਧ ਦੁਆਰਾ ਲਗਾਤਾਰ ਸੰਸਥਾ ਦੀ ਸੇਵਾ ਵਿੱਚ ਅਹਿਮ ਯੋਗਦਾਨ ਪਾ ਰਹੇ ਹਨ। ਆਪ ਜੀ ਪੱਤ੍ਰਿਕਾ ਅਤੇ ਸ.ਸਰਦਾਰਾ ਸਿੰਘ ਜੀ ਦੀਆਂ ਕੁਝ ਪੁਸਤਕਾਂ ਪੜ੍ਹ ਕੇ ਪ੍ਰਭਾਵਿਤ ਹੋਏ ਅਤੇ ਸ.ਸਰਦਾਰਾ ਸਿੰਘ ਨੂੰ ਮਿਲਣ ਆਏ ਅਤੇ ਇਸ ਤਰ੍ਹਾਂ ਆਪ ਜੀ ਦਾ ਸੰਬੰਧ ਸੰਸਥਾ ਨਾਲ ਬਣ ਗਿਆ।

ਆਪ ਦੀਆਂ ਹੇਠ ਲਿਖੀਆਂ ਅੰਗ੍ਰੇਜੀ ਦੀਆਂ ਪੁਸਤਕਾਂ ਸੰਸਥਾ ਦੁਆਰਾ ਪ੍ਰਕਾਸ਼ਿਤ ਹੋਈਆਂ ਹਨ ਅਤੇ ਸੰਸਥਾ ਜਾਂ ਸੰਸਥਾ ਦੇ ਲਗਾਏ ਸਟਾਲਾਂ ਤੇ ਉਪਲਭਧ ਹਨ :

* Japu Ji Sahib (Treasure Eternal),
* Anand Sahib,
* Sukhmani Sahib (The Jewel of Bliss) Vol. I & II,
* Jaap Sahib, Swaiyyas and Chaupai,
* Rahiras Sahib & Sohila
  (Evening & Bed Time Prayers of Sikhs),
* A Bouquet of Guru Tegh Bahadur Sahib's Bani,
* A Pictorial Presentation and Monograph on
  Guru Tegh Bahadur Sahib's life and teachings.

ਇਸ ਤੋਂ ਇਲਾਵਾ ਆਪ ਜੀ ਨੇ ਭਾਈ ਸਾਹਿਬ ਭਾਈ ਸਰਦਾਰਾ ਸਿੰਘ ਜੀ ਦੀਆਂ ਚਾਰ ਪੁਸਤਕਾਂ ਦਾ ਅੰਗ੍ਰੇਜੀ ਵਿੱਚ ਅਨੁਵਾਦ ਕੀਤਾ ਹੈ:

| | |
|---|---|
| ਆਤਮਾ ਪ੍ਰਮਾਤਮਾ | God & Soul |
| ਆਤਮ ਪ੍ਰਕਾਸ਼ | Awakening of Soul |

ਨਾਮ ਸਾਧਨਾ — Divine Name Meditation

ਗੁਰਬਾਣੀ ਦੇ ਗੁੱਝੇ ਭੇਦ — Profound Meaning of Gurbani

ਆਪ ਜੀ ਹੋਰ ਕਈ ਸਿੱਖ ਧਾਰਮਿਕ ਸੰਸਥਾਵਾਂ ਨਾਲ ਜੁੜੇ ਹਨ ਅਤੇ ਆਪਣੀਆਂ ਲਿਖਤਾਂ ਦੁਆਰਾ ਸੇਵਾਵਾਂ ਵਿੱਚ ਯੋਗਦਾਨ ਪਾ ਰਹੇ ਹਨ। ੮੮ ਸਾਲ ਦੀ ਬਜ਼ੁਰਗ ਅਵਸਥਾ ਵਿੱਚ ਵੀ ਆਪ ਜੀ ਲਗਾਤਾਰ ਸੇਵਾਵਾਂ ਦੇ ਰਹੇ ਹਨ।

ਆਪ ਜੀ ਦੀਆਂ ਸੇਵਾਵਾਂ ਨੂੰ ਧਿਆਨ ਵਿੱਚ ਰੱਖ ਕੇ, ੨੦੧੩ ਵਿੱਚ, ਸੰਸਥਾ ਵਲੋਂ ਆਪਣੇ ਸਾਲਾਨਾ ਸ਼ਬਦ ਗੁਰੂ ਸਮਾਗਮ ਵਿੱਚ ਆਪ ਜੀ ਨੂੰ ਸਨਮਾਨ ਪੱਤਰ ਸਹਿਤ ਸਿਰੋਪਾਉ ਦੇ ਕੇ ਸਨਮਾਨਿਤ ਕੀਤਾ ਗਿਆ।



**ਡਾ.ਹਰਬੰਸ ਸਿੰਘ ਜੀ :** ਡਾ.ਹਰਬੰਸ ਸਿੰਘ ਜੀ ਸੰਸਥਾ ਦੇ ਪ੍ਰਮੁੱਖ ਸਹਿਯੋਗੀਆਂ ਵਿੱਚੋਂ ਇੱਕ ਸਨ। ਆਪ ਜੀ ਦਿੱਲੀ ਦੇ ਰਹਿਣ ਵਾਲੇ ਸਨ। ਸ.ਹਰਬੰਸ ਸਿੰਘ ਜੀ ਪੱਤ੍ਰਿਕਾ ਪੜ੍ਹਕੇ ਪ੍ਰਭਾਵਿਤ ਹੋਏ। ਸ.ਸਰਦਾਰਾ ਸਿੰਘ ਜੀ ਨੂੰ ਮਿਲਣ ਆਏ ਅਤੇ ਸਮੇਂ ਸਮੇਂ ਜਦੋਂ ਵੀ ਚੰਡੀਗੜ੍ਹ ਆਉਂਦੇ ਸੰਸਥਾ ਵਿੱਚ ਵੀ ਸੇਵਾ ਕਰਨ ਆਉਂਦੇ ਰਹੇ ਅਤੇ ਇਸ ਤਰ੍ਹਾਂ ਸੰਸਥਾ ਦੇ ਸਹਿਯੋਗੀ ਬਣ ਗਏ।

ਆਪ ਜੀ ਨੇ ਆਪਣਾ ਸੰਘਰਸ਼ ਭਰਿਆ ਜੀਵਨ ਦਾ ਸੰਖੇਪ ਬਿਰਤਾਂਤ ਸੰਸਥਾ ਦੁਆਰਾ ਸੰਪਾਦਿਤ ਪੁਸਤਕ ਸਿਹਤ ਸੰਭਾਲ ਭਾਗ ੧ ਵਿੱਚ ਲਿਖਿਆ ਹੈ। ਜੋ ਪੜ੍ਹਨ ਲਈ ਬਹੁਤ ਲਾਹੇਵੰਦ ਹੈ। ਆਪ ਜੀ ਹੇਠ ਲਿਖੀਆਂ ਪੰਜ ਸਿਹਤ ਸੰਭਾਲ ਬਾਰੇ ਪੁਸਤਕਾਂ ਜੋ ਕਿ ਸੰਗਤਾਂ ਵਲੋਂ ਬਹੁਤ ਪਸੰਦ ਕੀਤੀਆਂ ਗਈਆਂ ਹਨ। ਇਨ੍ਹਾਂ ਪੁਸਤਕਾਂ ਦਾ ਹਿੰਦੀ ਅਤੇ ਅੰਗ੍ਰੇਜੀ ਅਨੁਵਾਦ ਕਰਕੇ ਵੀ ਪੁਸਤਕਾਂ ਤਿਆਰ ਕੀਤੀਆਂ ਗਈਆਂ ਹਨ :

੧. ਮੁੱਢਲੀ ਸੁੱਖ ਨਿਰੋਗੀ ਕਾਂਇਆ, ੨. ਬਚਪਨ ਜਵਾਨੀ,

੩. ਬੁਢੇਪਾ ਮਹਾਨ, ੪. ਨਿਰੋਗ ਬੁਢੇਪਾ ਗਾਈਡ,

੫. ਚਮਤਕਾਰੀ ਜੜ੍ਹੀ ਬੂਟੀਆਂ-ਪੇੜ-ਪੌਦੇ

ਸਮੇਂ ਸਮੇਂ ਆਪ ਜੀ ਦੀਆਂ ਪੁਸਤਕਾਂ ਵਿਚੋਂ ਪ੍ਰਮੁੱਖ ਲੇਖ ਸੰਸਥਾ ਦੀ ਪੱਤ੍ਰਿਕਾ ਵਿੱਚ ਛਾਪੇ ਜਾਂਦੇ ਰਹੇ ਹਨ।

ਡਾ.ਹਰਬੰਸ ਸਿੰਘ ਜੀ ਜੋ ੨੦੨੨ ਵਿੱਚ ਸੰਸਾਰਿਕ ਯਾਤਰਾ ਦੇ ਲਗਭਗ ੮੯ ਸਾਲ ਪੂਰੇ ਕਰਕੇ, ਗੁਰਪੁਰੀ ਸਿਧਾਰ ਗਏ ਹਨ।



**ਸ. ਤੇਜ ਸਿੰਘ** : ੮੪ ਸਾਲ ਦੀ ਆਯੂ ਦੇ ਸ. ਤੇਜ ਸਿੰਘ ਜੀ ਹਰਿਆਣਾ ਸਰਕਾਰ ਦੇ ਫੂਡ ਸਪਲਾਈ ਮਹਿਕਮੇ ਤੋਂ ਅਸਿਸਟੈਂਟ ਫੂਡ ਸਪਲਾਈ ਅਫਸਰ ਦੇ ਅਹੁਦੇ ਤੋਂ ਮਿਤੀ ੩੦-੦੬-੧੯੯੬ ਵਿੱਚ ਸੇਵਾ ਮੁਕਤ ਹੋਏ ਅਤੇ ਮਕਾਨ ੪੨੬੧, ਸੈਕਟਰ ੬੮, ਮੋਹਾਲੀ ਵਿੱਚ ਰਹਿ ਰਹੇ ਹਨ।

ਆਪ ਅਤੇ ਆਪ ਜੀ ਦਾ ਸਾਰਾ ਪਰਿਵਾਰ ਅੰਮ੍ਰਿਤਧਾਰੀ ਨਿਤਨੇਮੀ ਗੁਰਸਿੱਖ ਹੈ। ੧੯੯੫ ਤੋਂ ਕਦੇ ਕਦੇ ਸੰਸਥਾ ਵੱਲੋਂ ਕੀਤੇ ਸਮਾਗਮ ਵਿੱਚ ਜਾਣ ਦਾ ਮੌਕਾ ਮਿਲਦਾ ਰਿਹਾ। ਆਪ ਜੀ ਦੀ ਸੁਪਤਨੀ ਕਾਫੀ ਧਾਰਮਿਕ ਵਿਚਾਰ ਵਾਲੇ ਹਨ। ਜਦੋਂ ਉਹ ਇਕੱਲੇ ਬੱਚਿਆਂ ਕੋਲ ਅਮਰੀਕਾ ਗਏ ਤਾਂ ਆਪ ਜੀ ਨੂੰ ਕਿਹਾ ਕਿ ਉਨ੍ਹਾਂ ਦੀ ਗੈਰ ਮੌਜੂਦਗੀ ਵਿੱਚ, ਸਮਾਂ ਸਾਰਥਕ ਕਰਨ ਲਈ 'ਗੁਰਬਾਣੀ ਇਸੁ ਜਗੁ ਮਹਿ ਚਾਨਣੁ' ਵਿੱਚ ਸੇਵਾ ਕਰਨ ਜ਼ਰੂਰ ਜਾਇਆ ਕਰੋ। ਸੋ ਆਪ ਜੀ ਨੇ ੨੦੦੫ ਤੋਂ ਲਗਾਤਾਰ ਸੰਸਥਾ ਵਿੱਚ ਸੇਵਾ ਲਈ ਆਉਣਾ ਸ਼ੁਰੂ ਕੀਤਾ।

ਸ. ਸਰਦਾਰਾ ਸਿੰਘ ਜੀ ਦੇ ਕਹਿਣ ਤੇ ਸੰਸਥਾ ਵਿੱਚ ਸਹਿਜ ਪਾਠ ਵਿੱਚ ਵੀ ਹਿੱਸਾ ਲੈਣਾ ਸ਼ੁਰੂ ਕਰ ਦਿੱਤਾ। ਆਪ ਜੀ ਲਗਾਤਾਰ ੭-੮ ਸਾਲ ਪੱਤ੍ਰਿਕਾ ਦੀ ਹੱਥੀ ਵੰਡ ਸੇਵਾ ਆਪਣੇ ਰਿਹਾਇਸ਼ ਦੇ ਸੈਕਟਰ ਵਿੱਚ ਕਰਦੇ ਰਹੇ ਹਨ ਅਤੇ ਸੰਗਤਾਂ ਤੋਂ ਦਸਵੰਧ ਲੈ ਕੇ ਸੰਸਥਾ ਵਿੱਚ ਜਮਾਂ ਕਰਾਉਂਦੇ ਸੀ। ਆਪ ਖੁਦ ਵੀ ਸੰਸਥਾ ਵਿੱਚ ਲਗਾਤਾਰ ਦਸਵੰਧ ਦੇ ਰਹੇ ਹਨ। ਸੰਸਥਾ ਦੀ ਲਾਇਬ੍ਰੇਰੀ ਵਾਸਤੇ ਧਾਰਮਿਕ ਸੰਸਥਾ ਰਾਮਪੁਰ ਖੇੜੇ ਅਤੇ ਪਟਿਆਲ਼ਾ ਤੋਂ ਨਵੀਆਂ ਪਬਲਿਸ਼ ਹੋਈਆਂ ਕਿਤਾਬਾਂ ਲਿਆ ਕੇ ਜਮਾਂ ਕਰਾਉਂਦੇ ਸਨ। ਸੰਸਥਾ ਵਿੱਚ ਅਜੇ ਵੀ, ਨੇਮ ਨਾਲ ਆ ਕੇ ਹਫਤਾਵਾਰੀ ਸਮਾਗਮ ਅਤੇ ਮਾਹਵਾਰੀ ਸਮਾਗਮ ਵਿੱਚ ਸ਼ਾਮਲ ਹੁੰਦੇ ਹਨ। ਜਿਨਾਂ ਸਰੀਰ ਇਜਾਜ਼ਤ ਦਿੰਦਾ ਹੈ ਪੱਤ੍ਰਿਕਾ ਦੀ ਤਿਆਰੀ ਵਿੱਚ ਸੇਵਾ ਦਾ ਯੋਗਦਾਨ ਪਾਉਂਦੇ ਹਨ।



**ਸ. ਸੁਖਬੰਸ ਸਿੰਘ** : ਸ. ਸੁਖਬੰਸ ਸਿੰਘ ਜੀ ਪੰਜਾਬ ਸਕੂਲ ਸਿੱਖਿਆ ਬੋਰਡ, ਐਸ. ਏ. ਐਸ.ਨਗਰ, (ਮੋਹਾਲੀ) ਤੋਂ ਨਵੰਬਰ, ੨੦੧੦ ਵਿੱਚ ਰਿਟਾਇਡ ਹੋਏ ਅਤੇ ਸੰਸਥਾ ਵਿੱਚ

ਸੇਵਾ ਲਈ ੨੦੧੨ ਤੋਂ ਆਉਣਾ ਅਰੰਭ ਕੀਤਾ। ਆਪ ਜੀ ਪੱਤ੍ਰਿਕਾ ਦੀ ਤਿਆਰੀ ਵਿੱਚ ਯੋਗਦਾਨ ਤਾਂ ਪਾਉਂਦੇ ਹੀ ਹਨ ਅਤੇ ਨਾਲ ਪੱਤ੍ਰਿਕਾ ਦੀ ਹੱਥੀਂ ਵੰਡ ਸੇਵਾ ਕਰਦੇ ਹਨ। ਜੋ ਸੇਵਾ ਆਪ ਜੀ ਨੂੰ ਦਿੱਤੀ ਜਾਂਦੀ ਹੈ ਆਪ ਬਹੁਤ ਲਗਨ ਨਾਲ ਉਸ ਨੂੰ ਨਿਭਾਉਂਦੇ ਹਨ।

ਆਪ ਜੀ ਨੇ ੧੯੮੯ ਦੀ ਵਿਸਾਖੀ ਵਾਲੇ ਦਿਨ ਸ੍ਰੀ ਕੇਸਗੜ੍ਹ ਸਾਹਿਬ, ਸ੍ਰੀ ਅਨੰਦਪੁਰ ਸਾਹਿਬ ਤੋ ਅੰਮ੍ਰਿਤਪਾਨ ਕੀਤਾ ਅਤੇ ਗੁਰੂ ਬਖਸ਼ਿਸ਼ ਸਦਕਾ ਨਿਤਨੇਮੀ ਹਨ। ਇਨ੍ਹਾਂ ਦਾ ਸ.ਸਰਦਾਰਾ ਸਿੰਘ ਜੀ ਨਾਲ ਬੜਾ ਨਿੱਘਾ ਪਿਆਰ ਸੀ। ਆਪ ਜੀ ਯਾਦ ਕਰਦੇ ਹਨ ਕਿ ਕਦੀ ਵੀ ਸ.ਸਰਦਾਰਾ ਸਿੰਘ ਜੀ ਨੇ ਕਿਸੇ ਨੂੰ ਵੀ ਗੁੱਸੇ ਨਾਲ ਕੁਝ ਨਹੀਂ ਸੀ ਕਿਹਾ ਅਤੇ ਹਮੇਸ਼ਾ ਸਾਰੇ ਸੇਵਾਦਾਰਾਂ ਨਾਲ ਸਤਿਕਾਰ ਅਤੇ ਪ੍ਰੇਮ ਨਾਲ ਗੱਲ-ਬਾਤ ਕਰਦੇ ਸਨ। ਜਦ ਵੀ ਅਸੀਂ ਸੰਸਥਾ ਵਿੱਚ ਬੈਠ ਕੇ ਸੇਵਾ ਵਿੱਚ ਲੱਗਦੇ ਤਾਂ ਭਾਈ ਸਾਹਿਬ ਜੀ ਨਾਲ ਨਾਲ ਸਿਮਰਨ ਕਰਨ ਲਈ ਕਹਿੰਦੇ ਸਨ।



**ਸ. ਸਵਰਨ ਸਿੰਘ :** ੯੦ ਸਾਲ ਦੇ ਸ. ਸੁਵਰਨ ਸਿੰਘ ਜੀ, ਪੀ.ਜੀ. ਆਈ. ਚੰਡੀਗੜ੍ਹ ਤੋ, ਚੀਫ ਲਾਇਬਰੇਰੀਅਨ ਦੇ ਅਹੁਦੇ ਤੋਂ ੧੯੯੧ ਵਿੱਚ ਰਿਟਾਇਰ ਹੋ ਕੇ, ਮਕਾਨ ਨੰ: ੩੨੦, ਫੇਜ - ੪ , ਮੋਹਾਲੀ ਵਿੱਚ ਰਹਿ ਰਹੇ ਹਨ।

ਆਪ ਜੀ ਦੱਸਦੇ ਹਨ ਕਿ ਸਾਲ ੧੯੯੬ ਵਿੱਚ ਸੰਸਥਾ ਨੇ ਸਾਲਾਨਾ ਸ਼ਬਦ-ਗੁਰੂ ਸਮਾਗਮ, ਫੇਜ-੨ ਮੋਹਾਲੀ ਵਿੱਚ ਕੀਤਾ, ਜੋ ਆਪ ਜੀ ਨੇ ਪਰਿਵਾਰ ਸਮੇਤ ਅਟੈਂਡ ਕੀਤਾ।

ਸ.ਅਜਮੇਰ ਸਿੰਘ ਜੋ ਆਪ ਜੀ ਦੀ ਬੇਟੀ ਦੇ ਸਹੁਰਾ ਸਾਹਿਬ ਸਨ ਅਤੇ ਦਿੱਲੀ ਰਹਿੰਦੇ ਸਨ, ਉਨ੍ਹਾਂ ਨੇ ਇੱਕ ਲੇਖ ਲਿਖਕੇ ਆਪ ਜੀ ਨੂੰ ਭੇਜਿਆ ਅਤੇ ''ਗੁਰਬਾਣੀ ਚਾਨਣ'' ਪੱਤ੍ਰਿਕਾ ਵਿੱਚ ਛਪਵਾਉਣ ਵਾਸਤੇ ਕਿਹਾ। ਆਪ ਜੀ ਨੇ ਉਹ ਲੇਖ ਫੇਜ -੨ ਵਾਲੇ ਦਫ਼ਤਰ ਵਿੱਚ ਜਾ ਕੇ ਦੇ ਦਿੱਤਾ, ਪਰ ਸ. ਸਰਦਾਰਾ ਸਿੰਘ ਜੀ ਦਫ਼ਤਰ ਵਿੱਚ ਨਹੀਂ ਸਨ ਇਸ ਲਈ ਉਹਨਾਂ ਨਾਲ ਮੇਲ ਨਾ ਹੋ ਸਕਿਆ। ਦੂਸਰੀ ਵਾਰ ਜਾਣ ਤੇ ਮਿਲ ਗਏ। ਸ. ਸਰਦਾਰਾ ਸਿੰਘ ਜੀ ਨੇ ਦੱਸਿਆ ਕਿ ਲੇਖ ਵਿੱਚ ਕੁਝ ਭਾਸ਼ਾ ਦੀਆਂ ਗਲਤੀਆਂ, ਪਰ ਉਹਨਾਂ ਨੇ ਸੁਧਾਈ ਕਰ ਕੇ ਪੱਤ੍ਰਿਕਾ ਵਿੱਚ ਛਪਵਾ ਦਿੱਤਾ ਹੈ। ਬਾਅਦ ਵਿੱਚ ਆਪ ਨੇ ਪੱਤ੍ਰਿਕਾ ਦੀ ਸੇਵਾ ਵੀ ਕਰਨੀ ਸ਼ੁਰੂ ਕਰ ਦਿੱਤੀ।

ਆਪ ਜੀ ਦੱਸਦੇ ਹਨ ਕਿ ਉਹ ਐਤਵਾਰ ਵਾਲੇ ਦਿਨ ਵੀ ਸੰਸਥਾ ਵਿੱਚ ਆ ਜਾਂਦੇ ਸਨ ਜਿਸ ਨਾਲ ਸ.ਸਰਦਾਰਾ ਸਿੰਘ ਜੀ ਨਾਲ ਨੇੜਤਾ ਵਧ ਗਈ। ਜੀਵਨ ਵਿੱਚ ਕੁਝ

ਪ੍ਰੀਵਰਤਨ ਆਉਂਦਾ ਮਹਿਸੂਸ ਹੋਣ ਲੱਗਾ।

ਆਪ ਜੀ ਤੇ ਸ. ਸਰਦਾਰਾ ਸਿੰਘ ਜੀ ਦੀ ਸਖਸ਼ੀਅਤ ਦਾ ਗੂੜਾ ਪ੍ਰਭਾਵ ਪਿਆ। ਭਾਈ ਸਾਹਿਬ ਦੀ ਪ੍ਰੇਰਨਾ ਸਦਕਾ ਆਪ ਜੀ ਦੇ ਮਨ ਵਿੱਚ ਆਇਆ ਕਿ ਗੁਰੂ ਗ੍ਰੰਥ ਸਾਹਿਬ ਤੋਂ ਪਾਠ ਕੀਤਾ ਜਾਵੇ। ਅੰਮ੍ਰਿਤਸਰ ਜਾ ਕੇ ਸ.ਗ.ਪ.ਕ ਦੇ ਦਫ਼ਤਰ ਤੋਂ "ਸ਼ਬਦਾਰਥ" ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਚਾਰ ਸੈਚੀਆਂ ਲੈ ਆਏ ਅਤੇ ਭਾਈ ਸਾਹਿਬ ਭਾਈ ਸਰਦਾਰਾ ਸਿੰਘ ਜੀ ਦੀ ਪ੍ਰੇਰਨਾ ਸਦਕਾ ਪਾਠ ਕਰਨ ਦੀ ਲਗਨ ਲੱਗ ਗਈ। ਇਹ ਲਗਭਗ ੧੦ ਸਾਲ ਪਹਿਲੇ ਹੋਇਆ ਅਤੇ ਜਦ ਵੀ ਪ੍ਰਭੂ ਬਖਸ਼ਿਸ਼ ਸਦਕਾ ਮੌਕਾ ਬਣਦਾ ਹੈ ਤਾਂ ਪਾਠ ਦੀ ਸੇਵਾ ਗੁਰੂ ਸਾਹਿਬ ਲੈ ਲੈਂਦੇ ਹਨ। ਗੁਰੂ ਕਿਰਪਾ ਕਰੇ ਜਦ ਤੱਕ ਸੁਆਸਾਂ ਦੀ ਬਖਸ਼ਿਸ਼ ਹੈ ਸੇਵਾ ਵੀ ਚੱਲਦੀ ਰਹੇ।



**ਸ. ਜਸਵੰਤ ਸਿੰਘ :** ਇਸ ਸਮੇਂ ੮੨ ਸਾਲਾਂ ਦੀ ਆਯੂ ਵਿੱਚ ਸ. ਜਸਵੰਤ ਸਿੰਘ ਜੀ ਸੈਂਟਰਲ ਟੈਲੀਗ੍ਰਾਫ ਦਫਤਰ, ਚੰਡੀਗੜ੍ਹ ਤੋਂ ੩੧-੧੨-੨੦੦੦ ਵਿੱਚ ਰਿਟਾਇਰ ਹੋਏ। ਆਪ ਜੀ ਮਕਾਨ ਨੰ: ੧੩੧੫ ਫੇਜ-੫, ਸੈਕਟਰ ੫੯, ਮੋਹਾਲੀ ਵਿੱਚ ਰਹਿ ਰਹੇ ਹਨ।

ਸ.ਸਰਦਾਰਾ ਸਿੰਘ ਜੀ ਨੌਕਰੀ ਦੌਰਾਨ, ਆਪ ਜੀ ਦੇ ਸਹਿਕਰਮੀ ਸਨ। ਸ.ਜਸਵੰਤ ਸਿੰਘ ਜੀ ਨੇ ਦੱਸਿਆ ਕਿ ਸ. ਸਰਦਾਰਾ ਸਿੰਘ ਜੀ ਪਟਿਆਲ਼ਾ ਤੋਂ ਬਦਲੀ ਕਰਵਾ ਕੇ ੧੯੬੩ ਵਿੱਚ ਚੰਡੀਗੜ੍ਹ ਆਏ ਸਨ। ਜਦ ਕਿ ਆਪ ਜੀ ਪਹਿਲੇ ਹੀ ਉਸ ਦਫਤਰ ਵਿੱਚ ਕੰਮ ਕਰ ਰਹੇ ਸਨ। ਪਟਿਆਲਾ ਆਪ ਜੀ ਦੀ ੨-੩ ਸਾਲ ਦੀ ਸਰਵਿਸ ਸੀ, ਇਸ ਲਈ ਸ. ਸਰਦਾਰਾ ਸਿੰਘ ਜੀ ਸੀਨੀਅਰ ਸਨ। ਗਿਆਨੀ ਦੀ ਪ੍ਰੀਖਿਆ ਦੋਹਾਂ ਮਿਲ ਕੇ ਪਾਸ ਕੀਤੀ।

ਕਿਉਂਕਿ ਆਪ ਜੀ ਸ. ਸਰਦਾਰਾ ਸਿੰਘ ਜੀ ਦੇ ਸਹਿਕਰਮੀ ਸਨ, ਇਸ ਲਈ ਸੰਸਥਾ ਵਿੱਚ ਆਉਣਾ ਤਾਂ ਬਹੁਤ ਪਹਿਲੇ ਤੋਂ ਬਣਿਆ ਹੋਇਆ ਸੀ ਪਰ ਪੂਰਨ ਤੌਰ ਸੰਸਥਾ ਵਿੱਚ ਸਮਰਪਿਤ ਹੋ ਕੇ ਸੇਵਾ ਦਾ ਕੰਮ ੨੦੦੧ ਤੋਂ ਅਰੰਭ ਕੀਤਾ।

ਆਪ ਜੀ ਅੰਮ੍ਰਿਤਧਾਰੀ ਗੁਰਸਿੱਖ ਹਨ ਅਤੇ ਆਪ ਜੀ ਨੇ ਵਿਚਾਰ ਸਾਂਝੇ ਕਰਨ ਸਮੇ ਦੱਸਿਆ ਕਿ ਆਪ ਜੀ ੧੧ ਸਾਲ ਦੀ ਉਮਰ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਚਰਨੀਂ ਲੱਗ ਕੇ ਪਾਠ ਦੀ ਸੇਵਾ ਨਿਭਾਅ ਰਹੇ ਹਨ। ਸੰਸਥਾ ਵਿੱਚ ਸ਼ੁਰੂ ਤੋਂ ਹੀ ਜਦ ਵੀ ਸਮਾਗਮ ਸਮੇਂ ਸਹਿਜ ਪਾਠ ਕੀਤਾ ਜਾਂਦਾ ਰਿਹਾ ਹੈ, ਆਪ ਜੀ ਗੁਰੂ ਬਖਸ਼ਿਸ਼ ਸਦਕਾ ਪਾਠ ਦੀ ਸੇਵਾ ਨਿਭਾਉਂਦੇ ਹਨ। ਸੰਸਥਾ ਵਿੱਚ ਚਲਦੀ ਪੱਤ੍ਰਿਕਾ ਦੀ ਤਿਆਰੀ ਵਿੱਚ

ਵੀ ਲਗਾਤਾਰ ਹਿੱਸਾ ਪਾਉਂਦੇ ਹਨ।



**ਸ. ਕਰਨੈਲ ਸਿੰਘ :** ਸ. ਕਰਨੈਲ ਸਿੰਘ ੬੦ ਸਾਲ ਦੀ ਆਯੂ ਪੂਰੀ ਕਰਕੇ, ਜੁਲਾਈ-੨੦੧੯ ਵਿੱਚ ਸਟੇਟ ਬੈਂਕ ਆਫ ਇੰਡੀਆ ਤੋਂ ਰਿਟਾਇਰਡ ਹੋਏ। ੧੯੯੬ ਵਿੱਚ ਆਪਣੇ ਸਹਿਕਰਮੀ ਸ. ਕੁਲਬੀਰ ਸਿੰਘ ਜੀ (ਮੁੱਖ-ਸੇਵਾਦਾਰ) ਨਾਲ ਸੰਸਥਾ ਵਿੱਚ ਆਏ ਅਤੇ ਸ.ਸਰਦਾਰਾ ਸਿੰਘ ਜੀ ਨੂੰ ਮਿਲੇ, ਜਿਸ ਨਾਲ ਕਦੇ ਕਦੇ ਸੰਸਥਾ ਵਿੱਚ ਆਉਣ ਲੱਗੇ।

੨੦੦੬ ਵਿੱਚ ਡੇਰਾਬਸੀ ਤੋਂ ਫੇਜ ਚਾਰ ਵਿੱਚ ਸ. ਸਰਦਾਰਾ ਸਿੰਘ ਦੀ ਬੇਟੀ ਦੇ ਮਕਾਨ ਵਿੱਚ ਕਿਰਾਏਦਾਰ ਬਣੇ। ਇਸ ਤਰ੍ਹਾਂ ਸ.ਸਰਦਾਰਾ ਸਿੰਘ ਜੀ ਨਾਲ ਮੇਲ ਮਿਲਾਪ ਤੇ ਨੇੜਤਾ ਵਧੀ ਅਤੇ ਪੱਤ੍ਰਿਕਾ ਦੀ ਸੇਵਾ ਵੀ ਕਰਨੀ ਸ਼ੁਰੂ ਕਰ ਦਿੱਤੀ। ਨੇੜਤਾ ਹੋਣ ਕਰਕੇ, ਸਾਰਾ ਪਰਿਵਾਰ ਹੀ ਸੇਵਾ ਵਿੱਚ ਯੋਗਦਾਨ ਪਾਉਂਦਾ ਹੈ ।

੨੦੦੮ ਵਿੱਚ, ਸ. ਸਰਦਾਰਾ ਸਿੰਘ ਜੀ ਕੋਲੋਂ ਹੀ ਕੀਰਤਨ ਸਿੱਖਿਆ। ਉਸ ਸਮੇ ਸਨੀਚਰਵਾਰ ਦੇ ਸਮਾਗਮ ਵਿੱਚ, ਸ. ਸਰਦਾਰਾ ਸਿੰਘ ਜੀ ਨਾਲ, ਕੀਰਤਨ ਦੌਰਾਨ ਤਬਲੇ ਦੀ ਸੇਵਾ ਆਪ ਜੀ ਨਿਭਾਉਂਦੇ ਰਹੇ ਹਨ।

੨੦੦੪ ਵਿੱਚ ਅੰਮ੍ਰਿਤ ਦੀ ਦਾਤ ਪ੍ਰਾਪਤ ਕੀਤੀ ਅਤੇ ਨਿਤਨੇਮੀ ਬਣੇ। ੨੦੧੯ ਵਿੱਚ ਸੇਵਾ ਮੁਕਤ ਹੋ ਕੇ ਸੰਸਥਾ ਦੀ ਸੇਵਾ ਵਿੱਚ ਸਮਰਪਿਤ ਹਨ ਅਤੇ ਹਫਤਾਵਾਰੀ ਕੀਰਤਨ ਵਿੱਚ ਵੀ ਯੋਗਦਾਨ ਪਾਉਂਦੇ ਹਨ। ਆਪ ਜੀ ਦੀ ਸੁਪਤਨੀ ਵੀ ਸੰਸਥਾ ਵਿੱਚ ਆ ਕੇ ਸਮੇਂ ਸਮੇਂ ਸੇਵਾ ਨਿਭਾਉਂਦੇ ਹਨ।

**ਸ.ਹਰਭਜਨ ਸਿੰਘ (ਕਰੋਨਾ-ਕਾਲ ਵਿੱਚ ਪਰਲੋਕ ਸਿਧਾਰ ਗਏ) :**



ਸ. ਹਰਭਜਨ ਸਿੰਘ ਬੜੇ ਨਿੱਘੇ ਸੁਭਾਅ ਵਾਲੇ ਗੁਰਮੁਖ ਸਨ। ਜਿਸ ਕੰਮ ਵੱਲ ਲੱਗਦੇ, ਬੜੀ ਲਗਨ ਅਤੇ ਸ਼ਿੱਦਤ ਨਾਲ ਉਸ ਨੂੰ ਪੂਰਨ ਕਰਦੇ ਸਨ। ਗੁਰਬਾਣੀ ਨੂੰ ਸਮਝ ਕੇ ਵਿਚਾਰ ਕੇ ਆਪਣਾ ਵਿਚਾਰ ਬਣਾਉਂਦੇ ਸਨ, ਆਪ ਜੀ ਦੇ ਲੇਖ ਵੀ ਪੱਤ੍ਰਿਕਾ ਵਿੱਚ ਸਮੇਂ-ਸਮੇਂ ਛਪਦੇ ਸਨ। ਆਪ ਤਰਨਤਾਰਨ ਜਿਲੇ ਦੇ ਪਿੰਡ ਪਧਰੀ ਦੇ ਰਹਿਣਵਾਲੇ ਸਨ ਅਤੇ ਗਵਾਲੀਅਰ (ਮੱਧ-ਪ੍ਰਦੇਸ਼) ਵਿੱਚ ਆਪ ਜੀ ਦਾ ਫਾਰਮ ਸੀ। ਜੋ ਆਪ ਜੀ ਨੇ ਬੜੀ ਮੁਸ਼ੱਕਤ ਨਾਲ ਉਪਜਾਊ ਬਣਾਇਆ ਸੀ। ਆਪ ਜੀ ਨੇ ਆਪਣਾ ਨਿਵਾਸ ਚੰਡੀਗੜ੍ਹ

ਵਿੱਚ ਰੱਖਿਆ ਹੋਇਆ ਸੀ। ਧਾਰਮਿਕ ਪੁਸਤਕਾਂ ਦਾ ਅਧਿਐਨ ਕਰਨਾ ਆਪ ਜੀ ਦੀਆਂ ਮੁੱਖ ਸਰਗਰਮੀਆਂ ਸਨ।

ਕਿਉਂਕਿ ਮਾਇਕ ਤੌਰ ਤੇ ਸੁਖਾਲੇ ਸਨ ਇਸ ਲਈ ਸੰਸਥਾ ਦੇ ਕਾਰਜਾਂ ਵਾਸਤੇ ਨੇਮ ਨਾਲ ਦਸਵੰਧ ਦੀ ਸੇਵਾ ਵਿੱਚ ਵੀ ਦਿਲਚਸਪੀ ਰੱਖਦੇ ਸਨ ਅਤੇ ਸੰਸਥਾ ਦੀ ਪ੍ਰਬੰਧਕੀ ਕਮੇਟੀ ਦੇ ਮੈਂਬਰ ਹੋਣ ਕਰਕੇ ਪ੍ਰਬੰਧਕੀ ਕੰਮਾਂ ਵਿੱਚ ਵੀ ਯੋਗਦਾਨ ਪਾਉਂਦੇ ਸਨ।

ਲਗਭਗ ੭੦ ਸਾਲ ਦੀ ਆਯੂ ਵਿੱਚ ਅਚਾਨਕ ਕਰੋਨਾ ਦੇ ਸ਼ਿਕਾਰ ਹੋ ਗਏ ਅਤੇ ਕੁਝ ਦਿਨ ਇਸ ਬਿਮਾਰੀ ਦਾ ਸਾਹਮਣਾ ਕਰਕੇ ਅਕਾਲ ਚਲਾਣਾ ਕਰ ਗਏ। ਆਪ ਜੀ ਦੀਆਂ ਸੰਸਥਾ ਵਿੱਚ ਕੀਤੀਆਂ ਸੇਵਾਵਾਂ ਹਮੇਸ਼ਾ ਆਪ ਜੀ ਦੀਆਂ ਲਿਖਤਾਂ ਰਾਹੀਂ ਯਾਦਾਂ ਦਾ ਹਿੱਸਾ ਬਣੀਆਂ ਰਹਿਣਗੀਆਂ।



**ਸ.ਹਰਜਿੰਦਰ ਸਿੰਘ ਸਚਦੇਵਾ :** ਸ. ਹਰਜਿੰਦਰ ਸਿੰਘ ਸਚਦੇਵਾ ਭਾਰਤੀ- ਰੇਲਵੇ ਤੋਂ ਸਵੈ ਇੱਛਾ ਨਾਲ ੧੯੯੫ ਵਿੱਚ ਇਲੈਕਟ੍ਰੀਕਲ ਇੰਜੀਨੀਅਰ ਦੇ ਅਹੁਦੇ ਤੋਂ ਸੇਵਾ ਮੁਕਤ ਹੋਏ। ਇਸ ਸਮੇਂ ਆਪ ਜੀ ੮੩ ਸਾਲ ਦੀ ਆਯੂ ਵਿੱਚ ਹਨ ਅਤੇ ਆਪਣੇ ਮਕਾਨ ਨੰ: ੩੨੦, ਸੈਕਟਰ- ੪੬ਏ ਵਿੱਚ ਰਹਿ ਰਹੇ ਹਨ। ਚੰਗੀ ਸਿਹਤ ਸੰਭਾਲ ਅਤੇ ਗੁਰੂ ਦੀਆਂ ਬਖਸ਼ਿਸ਼ਾਂ ਸਦਕਾ ਆਪ ਜੀ ਕਈ ਸੰਸਥਾਵਾਂ ਨਾਲ ਜੁੜੇ ਹਨ ਅਤੇ ਆਪਣਾ ਕੰਮ ਵੀ ਕਰਦੇ ਹਨ।

ਆਪ ਜੀ ਦੱਸਦੇ ਹਨ ਕਿ ਜਦੋਂ ਸੰਸਥਾ ਮੋਹਾਲੀ ਫੇਜ-੨ ਵਾਲੇ ਦਫ਼ਤਰ ਤੋਂ ਪੱਤ੍ਰਿਕਾ ਦਾ ਕੰਮ ਕਾਜ ਚਲਾਉਂਦੀ ਸੀ, ਉਸ ਵੇਲੇ ਪੱਤ੍ਰਿਕਾ ਦੀ ਇਕ ਕਾਪੀ ਆਪ ਜੀ ਦੇ ਹੱਥ ਲੱਗੀ, ਜਿਸ ਨੂੰ ਪੜ੍ਹ ਕੇ ਚੰਗਾ ਲੱਗਾ ਅਤੇ ਆਪਣੇ ਸਹੁਰਾ ਸਾਹਿਬ ਨਾਲ ਸੰਸਥਾ ਦੇ ਫੇਜ-੨ ਮੋਹਾਲੀ ਵਾਲੇ ਦਫ਼ਤਰ ਵਿੱਚ ਸ. ਸਰਦਾਰਾ ਸਿੰਘ ਜੀ ਨੂੰ ਮਿਲੇ। ਜਦੋਂ ਸੰਸਥਾ ਦਾ ਦਫ਼ਤਰ ਆਪਣੇ ਹੁਣ ਵਾਲੇ ਭਵਨ ਵਿੱਚ ਆ ਗਿਆ ਤਾਂ ਆਪ ਜੀ ਦੱਸਦੇ ਹਨ ਕਿ ਮੇਲ ਜੋਲ ਹੋਰ ਵੱਧ ਗਿਆ ਅਤੇ ੪੬ ਸੈਕਟਰ ਦੀ ਪੱਤ੍ਰਿਕਾ ਦੀ ਹੱਥੀ-ਵੰਡ ਦੀ ਸੇਵਾ ਆਪ ਜੀ ਨੇ ਲੈ ਲਈ ਜੋ ਅੱਜ ਤੱਕ ਜਾਰੀ ਹੈ।

ਸਰਵਿਸ ਦੌਰਾਨ ਆਪ ਜੀ ਨੂੰ ਕਵਿਤਾਵਾਂ ਲਿੱਖ ਕੇ ਸੁਣਾਉਣ ਦਾ ਸ਼ੌਕ ਸੀ ਜੋ ਅੱਜ ਤੱਕ ਬਰਕਰਾਰ ਹੈ। ਜਦ ਸੰਸਥਾ ਵਿੱਚ ਸ. ਸਰਦਾਰਾ ਸਿੰਘ ਜੀ ਨਾਲ ਵਿਚਾਰ ਸਾਂਝੇ ਕਰਨ ਦਾ ਮੌਕਾ ਮਿਲਿਆ ਤਾਂ ਸਚਦੇਵਾ ਸਾਹਿਬ ਦੀ ਬੇਨਤੀ ਕਰਨ ਤੇ, ਆਪ ਜੀ ਦੀਆਂ ਧਾਰਮਿਕ ਕਵਿਤਾਵਾਂ ਪੱਤ੍ਰਿਕਾ ਵਿੱਚ ਛਾਪਣ ਦੀ ਮਨਜ਼ੂਰੀ ਦੇ ਦਿੱਤੀ। ਜਿਸ

ਨਾਲ ਆਪ ਜੀ ਦੀਆਂ ਕਵਿਤਾਵਾਂ ਪੱਤ੍ਰਿਕਾ ਵਿੱਚ ਪ੍ਰਕਾਸ਼ਤ ਹੋਣੀਆਂ ਸ਼ੁਰੂ ਹੋਈਆਂ ਅਤੇ ਹੁਣ ਵੀ ਛਪ ਰਹੀਆਂ ਹਨ।

ਆਪ ਜੀ ਦੁਆਰਾ ਲਿਖੀਆਂ ਹੇਠ ਲਿਖੀਆਂ ਚਾਰ ਪੁਸਤਕਾਂ ਸੰਸਥਾ ਵੱਲੋਂ ਛਾਪੀਆਂ ਜਾ ਚੁੱਕੀਆਂ ਹਨ। ਸ.ਸਰਦਾਰਾ ਸਿੰਘ ਜੀ ਦੇ ਜੀਵਨ ਕਾਲ ਵਿੱਚ ਛਪੀਆਂ ਪੁਸਤਕਾਂ ਦੇ ਮੁੱਖ-ਬੰਦ ਉਹਨਾਂ ਨੇ ਹੀ ਲਿਖੇ :

੧) ਅਰਸ਼ੀ ਜੋਤਾਂ, ੨.ਜਿਨ੍ਹਾਂ ਧਰਮ ਹੇਤ ਸੀਸ ਦਿੱਤੇ,

੩) ਚੜਿਆ ਸੋਧਣਿ ਧਰਤਿ ਲੋਕਾਈ, ੪) ਬਾਬਾਣੀਆਂ ਕਹਾਣੀਆਂ

ਆਪ ਜੀ ਸੰਸਥਾ ਦੇ ਹੋਰ ਕਾਰਜਾਂ ਵਿੱਚ ਵੀ ਹਰ ਤਰ੍ਹਾਂ ਦਾ ਯੋਗਦਾਨ ਪਾਉਂਦੇ ਹਨ। ਸੰਸਥਾ ਦੇ ਸਮਾਗਮਾਂ ਵਿੱਚ ਵੀ ਬੜੀ ਗਰਮਜੋਸ਼ੀ ਨਾਲ ਹਿੱਸਾ ਲੈਂਦੇ ਹਨ।



**ਸ. ਬਲਦੇਵ ਸਿੰਘ** : ਸ. ਬਲਦੇਵ ਸਿੰਘ ਜੀ ਜਨਵਰੀ, ੨੦੧੪ ਵਿੱਚ ਬੈਂਕ ਆਫ ਬੜੌਦਾ ਚੰਡੀਗੜ੍ਹ ਤੋਂ ਸੀਨੀਅਰ ਮੈਨੇਜਰ ਦੇ ਅਹੁਦੇ ਤੋਂ ਰਿਟਾਇਰ ਹੋਏ। ਸੰਨ ੧੯੮੭ ਵਿੱਚ ਫੇਜ-੪ ਵਿੱਚ ਆਪਣਾ ਮਕਾਨ ਬਣਾਇਆ ਅਤੇ ਸ. ਮਨਜੀਤ ਸਿੰਘ ਘਰ ਆ ਕੇ ਪੱਤ੍ਰਿਕਾ ਦੇ ਜਾਂਦੇ ਸਨ।

ਇਸ ਮੇਲ ਮਿਲਾਪ ਤੋਂ ੧੯੯੦ ਵਿੱਚ ਸੇਵਾ ਲਈ ਪ੍ਰੇਰਿਤ ਹੋਏ ਅਤੇ ਸ. ਮਨਜੀਤ ਸਿੰਘ ਆਪਦੇ ਘਰ ਪੱਤ੍ਰਿਕਾ ਦੇ ਅਲੱਗ ਸਫਿਆਂ ਦੇ ਬੰਡਲ ਦੇ ਜਾਂਦੇ ਅਤੇ ਘਰ ਦੇ ਸਾਰੇ ਮੈਂਬਰ ਮਿਲ ਕੇ ਪੇਪਰ ਫੋਲਡ ਕਰ ਦਿੰਦੇ ਅਤੇ ਸ.ਮਨਜੀਤ ਸਿੰਘ ਘਰੋਂ ਆ ਕੇ ਲੈ ਜਾਂਦੇ ਸੀ। ਕਦੀ ਕਦੀ ਛੁੱਟੀ ਵਾਲੇ ਦਿਨ ਸੰਸਥਾ ਦੇ ਦਫ਼ਤਰ ਫੇਜ-੨ ਵਿੱਚ ਜਾ ਕੇ ਵੀ ਸੇਵਾ ਕਰ ਆਉਂਦੇ ਸੀ। ਇਸੇ ਸਮੇ ਦੇ ਦੌਰਾਨ ਹੀ ਪੱਤ੍ਰਿਕਾ ਦੀ ਹੱਥੀਂ ਵੰਡ ਦੀ ਸੇਵਾ ਵੀ ਸ਼ੁਰੂ ਕਰ ਦਿੱਤੀ।

੨੦੧੪ ਤੋਂ ਰਿਟਾਇਡ ਹੋ ਕੇ ਸੰਸਥਾ ਨੂੰ ਜ਼ਿਆਦਾ ਸਮਾਂ ਦੇਣਾ ਸ਼ੁਰੂ ਕੀਤਾ ਅਤੇ ਸੰਸਥਾ ਦੇ ਹੋਰ ਕਾਰਜਾਂ ਵਿੱਚ ਵੀ ਦਿਲਚਸਪੀ ਵਧਾਈ, ਜਿਵੇਂ ਕਿ ਬਾਲ ਗੁਰਮਤਿ ਪ੍ਰੀਖਿਆ ਦੇ ਕਾਰਜ ਵਿੱਚ ਆਪ ਜੀ ਨੇ ਅਹਿਮ ਭੂਮਿਕਾ ਨਿਭਾਈ।

ਜਦੋਂ ਵੀ ਸੰਸਥਾ ਦੇ ਸੇਵਾਦਾਰਾਂ ਵੱਲੋਂ ਇਤਹਾਸਿਕ ਗੁਰਦੁਆਰਿਆਂ ਦੇ ਦਰਸ਼ਨ ਕਰਨ ਦਾ ਕੋਈ ਪ੍ਰੋਗਰਾਮ ਉਲੀਕਿਆ ਜਾਂਦਾ ਹੈ ਤਾਂ ਆਪ ਜੀ ਕੋਆਰਡੀਨੇਟਰ (ਯਾਤਰਾ ਦੇ ਪ੍ਰਬੰਧਕ) ਦੇ ਤੌਰ ਤੇ ਸੇਵਾ ਬੜੀ ਦਿਲਚਸਪੀ ਨਾਲ ਨਿਭਾਉਂਦੇ ਹਨ।

ਆਪ ਜੀ ਦੱਸਦੇ ਹਨ ਕਿ ਸ. ਸਰਦਾਰਾ ਸਿੰਘ ਜੀ ਨਾਲ ਮੇਲ ਮਿਲਾਪ ਦਾ

ਸਦਕਾ ਸਭ ਤੋਂ ਪਹਿਲੇ ਜਪੁਜੀ ਸਾਹਿਬ ਦਾ ਪਾਠ ਕਰਨਾ ਸ਼ੁਰੂ ਕੀਤਾ ਅਤੇ ਬਾਅਦ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਬਾਣੀ ਪੜ੍ਹਨੀ ਵੀ ਸ਼ੁਰੂ ਕੀਤੀ।

ਲੰਮੇ ਸਮੇ ਤੋਂ ਲਗਨ ਨਾਲ ਸੇਵਾ ਨਿਭਾਅ ਰਹੇ ਸ. ਬਲਦੇਵ ਸਿੰਘ ਦਾ ਭਾਈ ਸਾਹਿਬ ਭਾਈ ਸਰਦਾਰਾ ਸਿੰਘ ਜੀ ਨਾਲ ਬੜਾ ਸਨੇਹ ਸੀ ਅਤੇ ਅਕਸਰ ਕਈ ਮਾਇਕ ਜ਼ਿੰਮੇਵਾਰੀਆਂ ਵੀ, ਲੋੜ ਪੈਣ ਤੇ, ਉਹ ਆਪ ਜੀ ਨੂੰ ਸੌਂਪਦੇ ਸਨ।

ਇਹੀ ਅਰਦਾਸ ਕਰਦੇ ਹਾਂ ਕਿ ਗੁਰੂ ਸਾਹਿਬ ਸੇਵਾ ਦੇ ਕਾਰਜਾਂ ਨਾਲ ਜੋੜੀ ਰੱਖਣ।



**ਸ.ਬਲਿਹਾਰ ਸਿੰਘ** : ਸ. ਬਲਿਹਾਰ ਸਿੰਘ ੮੧ ਸਾਲ ਦੀ ਉਮਰ (੧੫-੦੬-੧੯੪੧) ਵਿੱਚ ਆਪਣੇ ਘਰ ੪੪ ਸੈਕਟਰ ਵਿੱਚ ਰਹਿ ਰਹੇ ਹਨ। ਆਪ ਜੀ ਕੁਲਥਮ ਅਬਦੁਲਾ ਸ਼ਾਹ ਪਿੰਡ ਦੇ ਰਹਿਣਵਾਲੇ ਹਨ ਜੋ ਫਗਵਾੜਾ ਦੇ ਨਜ਼ਦੀਕ ਹੈ ਅਤੇ ਪੰਜਾਬ ਦੇ ਨਵਾਂ ਸ਼ਹਿਰ ਜਿਲੇ ਵਿੱਚ ਹੈ। ਆਪ ਜੀ ਨੇ ਦਿੱਲੀ ਤੋਂ ਗਰੈਜੂਏਸ਼ਨ ਕੀਤੀ ਅਤੇ ਯੂ.ਪੀ.ਐਸ.ਸੀ. ਪਾਸ ਕਰਕੇ ਸੈਂਟਰਲ ਗੌਰਮਿੰਟ ਦੀਆਂ ਅਲੱਗ ਅਲੱਗ ਮਿਨਿਸਟਰੀਆਂ/ ਮਹਿਕਮਿਆਂ ਵਿੱਚ ਦਿੱਲੀ, ਅੰਮ੍ਰਿਤਸਰ ਅਤੇ ਚੰਡੀਗੜ੍ਹ ਵਿੱਚ ੨੨ ਸਾਲ ਨੌਕਰੀ ਕਰ ਕੇ, ਸਵੈ ਇੱਛਾ ਨਾਲ ੧੯੮੧ ਵਿੱਚ ਰਿਟਾਇਰਮੈਂਟ ਲੈ ਲਈ।

ਬਾਅਦ ਵਿੱਚ ਪ੍ਰਾਈਵੇਟ ਕੰਪਨੀ ਸੀ.ਪੀ.ਸੀ. ਇੰਟਰਨੈਸ਼ਨਲ, ਚੰਡੀਗੜ੍ਹ ਵਿੱਚ ੨੦ ਸਾਲ ਨੌਕਰੀ ਕੀਤੀ ਜਿਸ ਦੇ ਚੇਅਰਮੈਨ ਸ. ਬਲਵੰਤ ਸਿੰਘ, ਸਾਬਕਾ ਵਿੱਤ ਮੰਤਰੀ, ਪੰਜਾਬ ਸਨ। ਆਪ ਜੀ ਚੇਅਰਮੈਨ ਦੇ ਪ੍ਰਾਈਵੇਟ ਸੈਕਟਰੀ ਸਨ। ਆਪ ਜੀ ੨੦੧੧ ਵਿੱਚ ਸੰਸਥਾ ਦੇ ਸੰਪਰਕ ਵਿੱਚ ਆਏ। ਸ. ਸਰਦਾਰਾ ਸਿੰਘ ਜੀ ਦੇ ਸਨੇਹ ਸਦਕਾ ਆਪ ਜੀ ਨੇ ੪੪ ਸੈਕਟਰ, ਚੰਡੀਗੜ੍ਹ ਵਿੱਚ ਪੱਤ੍ਰਿਕਾ ਦੀ ਹੱਥੀਂ ਵੰਡ ਦੀ ਸੇਵਾ ਲੈ ਲਈ, ਜੋ ਅੱਜ ਤੱਕ ਨਿਭਾਅ ਰਹੇ ਹਨ ਅਤੇ ਆਪਣੀ ਭੇਟਾ ਦੇ ਨਾਲ ਨਾਲ, ਸੰਗਤਾਂ ਵਲੋਂ ਭੇਟ ਕੀਤਾ ਗਿਆ ਦਸਵੰਧ ਵੀ ਸੰਸਥਾ ਵਿੱਚ ਜਮਾਂ ਕਰਵਾਉਦੇ ਹਨ।

ਆਪ ਜੀ ਗੁਰਮਤਿ ਅਨੁਸਾਰ ਲੇਖ ਵੀ ਲਿਖਦੇ ਹਨ ਜੋ ਸੰਸਥਾ ਦੀ ਪੱਤ੍ਰਿਕਾ ਵਿੱਚ ਛਪਦੇ ਆ ਰਹੇ ਹਨ।

ਆਪ ਜੀ ਬੜੂ ਸਾਹਿਬ ਦੇ ਤਿੰਨ ਮਾਇਕ ਕਮਜ਼ੋਰੀ ਵਾਲੇ ਬੱਚਿਆਂ ਦੀ ਪੜਾਈ ਦਾ ਖਰਚਾ ਵੀ ਦੇ ਰਹੇ ਹਨ। ਪਿੰਗਲਵਾੜਾ ਸੰਸਥਾ ਵਿੱਚ ਵੀ ਮਾਇਕ ਸਹਾਇਤਾ ਵਜੋਂ ਸੇਵਾ ਕਰਦੇ ਹਨ।



**ਸ. ਹਰਨੇਕ ਸਿੰਘ :** ਸ. ਹਰਨੇਕ ਸਿੰਘ ਸੰਨ ੨੦੦੧ ਤੋਂ ਸੰਸਥਾ ਦੇ ਸਹਿਯੋਗੀ ਹਨ ਅਤੇ ਹਰ ਸਮਾਗਮ ਵਿੱਚ ਆਪ ਜੀ ਇੱਕ ਸੁਘੜ ਗ੍ਰੰਥੀ ਦੀ ਤਰਾਂ ਸੇਵਾ ਨਿਭਾਉਂਦੇ ਹਨ। ਜਦੋਂ ਦੂਸਰੇ ਸੇਵਾਦਾਰ ਹਾਰਮੋਨੀਅਮ ਨਾਲ ਕੀਰਤਨ ਕਰਦੇ ਹਨ ਤਾਂ ਆਪ ਜੀ ਤਬਲੇ ਤੇ ਸੰਗਤ ਕਰਦੇ ਹਨ। ਆਪ ਜੀ ਬਹੁਤ ਰਸ ਭਿੰਨਾਂ ਕੀਰਤਨ ਵੀ ਕਰਦੇ ਹਨ। ਇਤਿਹਾਸਿਕ ਕਵਿਤਾਵਾਂ ਪੜ੍ਹਨ ਦਾ ਵੀ ਆਪ ਜੀ ਨੂੰ ਸ਼ੌਕ ਹੈ।

ਸੰਸਥਾ ਦੀ ਗਤੀਵਿਧੀਆਂ ਭਾਵ ਮਾਸਿਕ ਪੱਤ੍ਰਿਕਾ ਰਾਹੀਂ ਗੁਰ ਸ਼ਬਦ ਲੰਗਰ, ਹਫਤਾਵਾਰੀ ਕੀਰਤਨ ਸਮਾਗਮ, ਮਹੀਨਾਵਾਰੀ ਸਮਾਗਮ ਆਦਿਕ ਬਾਰੇ ਜਾਣ ਕੇ ਮਨ ਸੰਸਥਾ ਨਾਲ ਜੁੜਨ ਲਈ ਪਸੀਜ ਗਿਆ ਅਤੇ ਇਸ ਤਰ੍ਹਾਂ ਸੰਨ ੨੦੦੧ ਤੋਂ ਸੰਸਥਾ ਦੇ ਸਹਿਯੋਗੀ ਦੀ ਤਰ੍ਹਾਂ ਸੇਵਾਵਾਂ ਸ਼ੁਰੂ ਹੋਈਆਂ।

ਸ. ਹਰਨੇਕ ਸਿੰਘ ਜੋ ਇਸ ਸਮੇਂ ੭੨ ਸਾਲ ਦੀ ਆਯੂ ਵਿੱਚ ਹਨ, ਪੰਜਾਬ ਸਰਕਾਰ ਦੇ ਪਬਲਿਕ ਰਿਲੇਸ਼ਨ ਮਹਿਕਮੇ ਤੋਂ ਕਰੀਬ ੨੫ ਸਾਲ ਨੌਕਰੀ ਕਰ ਕੇ ਸੰਨ ੨੦੦੦ ਵਿੱਚ ਸੇਵਾ ਮੁਕਤ ਹੋਏ ਅਤੇ ਮੁਹਾਲੀ ਸਥਿਤ ਆਪਣੇ ਮਕਾਨ ਵਿਚ ਰਹਿ ਰਹੇ ਹਨ। ਆਪ ਜੀ ਦੱਸਦੇ ਹਨ ਕਿ ਉਹਨਾਂ ਦੀ ਸ. ਸਰਦਾਰਾ ਸਿੰਘ ਜੀ ਨਾਲ ਪਹਿਲੀ ਮੁਲਾਕਾਤ ਆਯੁਰਵੈਦਿਕ ਡਾਕਟਰ ਹਰੀਸ਼ਰਨ ਸਿੰਘ ਚਾਵਲਾ ਦੇ ਘਰ ਹੋਈ ਜੋ ਇੱਕ ਪਰਵਾਸੀ-ਭਾਰਤੀ ਸਨ ; ਨਾਰੋਬੀ ਵਿੱਚ ਵੱਸੇ ਹੋਏ ਸਨ। ਉਨ੍ਹਾਂ ਨੂੰ ਕੀਰਤਨ ਕਰਨ ਦੀ ਲਗਨ ਸੀ ਅਤੇ ਸਮੇ ਸਮੇ ਦਮੇ ਦੇ ਮਰੀਜ਼ਾਂ ਦਾ ਇਲਾਜ ਕਰਦੇ।

ਸ. ਸਰਦਾਰਾ ਸਿੰਘ ਜੀ ਦੇ ਕਹਿਣ ਤੇ ਡਾ. ਚਾਵਲਾ ਜੀ ਨੇ ਹਰਨੇਕ ਸਿੰਘ ਜੀ ਦੇ ਸਹਿਯੋਗ ਨਾਲ ਨਾਮ ਦੀ ਰੰਗਤ ਵਾਲੇ ਮੈਡੀਕਲ ਕੈਂਪ ਲਗਾਉਣੇ ਸ਼ੁਰੂ ਕੀਤੇ ਭਾਵ ਪਹਿਲੇ ਕੀਰਤਨ ਬਾਅਦ ਵਿੱਚ ਮਰੀਜ਼ ਦੇਖ ਕੇ ਦਵਾਈ ਦੇਣੀ ਜੋ ਬਹੁਤ ਕਾਮਯਾਬ ਹੋਏ। ਸ. ਹਰਨੇਕ ਸਿੰਘ ਨੇ ਸ. ਸਰਦਾਰਾ ਸਿੰਘ ਜੀ ਨਾਲ ਵੀ ਬੱਚਿਆਂ ਨੂੰ ਹਾਰਮੋਨੀਅਮ ਤੇ ਕੀਰਤਨ ਕਰਨ ਦੀ ਸਿਖਲਾਈ ਦੇ ਕੈਂਪ ਲਗਾਏ।

ਸ. ਸਰਦਾਰਾ ਸਿੰਘ ਜੀ ਨਾਲ ਕਈ ਸਾਲ ਸੇਵਾ ਵਿੱਚ ਰਹਿਣ ਕਾਰਨ ਸ.ਹਰਨੇਕ ਸਿੰਘ ਦਾ ਇਹ ਕਹਿਣਾ ਹੈ ਕਿ ਸ. ਸਰਦਾਰਾ ਸਿੰਘ ਜੀ ਕਮਾਈ ਵਾਲੇ ਗੁਰਸਿੱਖ ਸਨ ਅਤੇ ਉਹਨਾਂ ਨੇ ਕਈ ਮੌਕਿਆਂ ਤੇ ਇਹ ਵੇਖਿਆ ਕਿ ਆਪ ਜੀ ਜੋ ਸੁਤੇ ਸਿੱਧ ਕਹਿ ਦਿੰਦੇ ਉਹ ਹੋ ਜਾਂਦਾ। ਸ.ਸਰਦਾਰਾ ਸਿੰਘ ਜੀ ਦੀ ਸਖਸ਼ੀਅਤ ਦਾ ਪ੍ਰਭਾਵ ਹੀ ਹੈ ਕਿ ੨੦ ਸਾਲ ਤੋਂ ਉੱਪਰ ਸਮਾਂ ਲੰਘ ਗਿਆ ਸੰਸਥਾ ਨਾਲ ਲਗਾਉ ਵਧਿਆ ਹੀ ਹੈ; ਗੁਰੂ

ਨਾਲ ਪ੍ਰੇਮ ਸ਼ਰਧਾ ਵਿੱਚ ਵਾਧਾ ਹੋਇਆ ਹੈ, ਗੁਰਬਾਣੀ ਵੀਚਾਰ ਵਿੱਚ ਲਗਾਉ ਵਧਿਆ ਹੈ ਅਤੇ ਸਾਰੇ ਪਰਮਾਰਥੀ ਸਹਿਯੋਗੀਆਂ ਨਾਲ ਪ੍ਰੇਮ ਦਾ ਸੰਬੰਧ ਬਣ ਗਿਆ ਹੈ।



**ਸ. ਕੁਲਦੀਪ ਸਿੰਘ :** ੮੩ ਸਾਲਾ ਆਯੂ ਵਿੱਚ ਵਿਚਰ ਰਹੇ ਸ.ਕੁਲਦੀਪ ਸਿੰਘ ਜੀ, ੧੯੯੮ ਵਿੱਚ ਇੰਡੀਅਨ ਔਇਲ ਕਾਰਪੋਰੇਸ਼ਨ ਵਿੱਚੋਂ ਐਜੀਕਯੂਟਿਵ ਆਫੀਸਰ ਰਿਟਾਇਡ ਹੋ ਕੇ, ਮਕਾਨ ਨੰ:੧੫੫, ਫੇਜ ੭ (ਸੈਕਟਰ-੬੧) ਵਿੱਚ ਰਹਿ ਰਹੇ ਹਨ। ਆਪ ਜੀ ਦਾ ਸੰਸਥਾ ਨਾਲ ਸੰਪਰਕ ੨੦੦੫ ਵਿੱਚ ਹੋਇਆ ਅਤੇ ਸ. ਸਰਦਾਰਾ ਸਿੰਘ ਜੀ ਨਾਲ ਮੁਲਾਕਾਤ ਤੋ ਬਾਅਦ ਆਪ ਜੀ ਨੇ ਸੇਵਾ ਵਿੱਚ ਯੋਗਦਾਨ ਦੇਣਾ ਸ਼ੁਰੂ ਕਰ ਦਿੱਤਾ। ੨੦੦੭ ਵਿੱਚ ਇੱਕ ਸਾਲ ਲਈ ਆਪ ਜੀ ਨੇ ਮੋਹਾਲੀ ਵਿੱਚ ਪੱਤ੍ਰਿਕਾ ਦੀ ਹੱਥੀਂ ਵੰਡ ਦੀ ਸੇਵਾ ਵੀ ਕੀਤੀ। ਕੁਝ ਸਮੇ ਲਈ ਆਪ ਜੀ ਮੈਨਜਿੰਗ ਕਮੇਟੀ ਦੇ ਮੈਬਰ ਵੀ ਰਹੇ। ਸੰਨ ੨੦੧੫ ਤੋਂ ਆਪ ਜੀ ਹਰ ਸ਼ਨੀਚਰਵਾਰ ਦੇ ਸਮਾਗਮ ਵਿੱਚ ਕੀਰਤਨ ਕਰਕੇ, ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰਦੇ ਹਨ। ਬੜਾ ਹੀ ਰਸ ਭਿੰਨਾ ਕੀਰਤਨ ਕਰਦੇ ਹਨ। ਆਪ ਜੀ ਅਰਦਾਸ ਕਰਦੇ ਹਨ ਕਿ ਜਦ ਤੱਕ ਸੁਆਸ ਹੈ ਗੁਰੂ ਸੇਵਾ ਲੈਂਦਾ ਰਹੇ।



**ਸ.ਸਵਰਨਜੀਤ ਸਿੰਘ :** ੨੦੦੫ ਵਿੱਚ ਪੰਜਾਬ ਐਂਡ ਸਿੰਧ ਬੈਕ ਤੋਂ ਰਿਟਾਇਰ ਹੋਏ ਅਤੇ ੨੦੦੫ ਵਿੱਚ ਹੀ ਕਨੇਡਾ ਦੀ ਪੀ. ਆਰ (ਸਦੀਵੀ-ਰਹਿਣ ਦੀ ਮਨਜ਼ੂਰੀ) ਮਿਲ ਗਈ। ਕੁਝ ਸਮਾਂ ਕੈਨੇਡਾ ਰਹਿ ਕੇ ਜਦੋ ੨੦੦੬ ਵਿੱਚ ਵਾਪਸ ਆਏ ਤਾਂ ਇੱਛਾ ਸੀ ਕਿ ਕੋਈ ਚੰਗੇ ਵਾਤਾਵਰਣ ਵਾਲਾ ਸਥਾਨ ਮਿਲ ਜਾਵੇ ਤਾਂ ਕਿ ਜਦ ਤੱਕ ਚੰਡੀਗੜ੍ਹ ਰਹਿਣਾ ਹੈ, ਦਿਨ ਦਾ ਕੁਝ ਸਮਾਂ ਚੰਗੇ ਰੁਝੇਵੇਂ ਨਾਲ ਗੁਜ਼ਰੇ ।

ਸੰਸਥਾ ਦੇ ਅੱਗੋਂ ਦੀ ਨਿਕਲਦੇ ਸਮੇਂ ਸੰਸਥਾ ਦਾ ਬੋਰਡ ਪੜ੍ਹ ਕੇ ਅੰਦਰ ਆ ਗਏ ਅਤੇ ਸ. ਸਰਦਾਰਾ ਸਿੰਘ ਜੀ ਨਾਲ ਵਿਚਾਰ ਸਾਂਝੇ ਕੀਤੇ। ਜੋ ਮਨ ਵਿੱਚ ਸੀ ਉਹ ਪੂਰਾ ਹੁੰਦਾ ਮਹਿਸੂਸ ਕਰਕੇ, ਸ. ਸਰਦਾਰਾ ਸਿੰਘ ਜੀ ਕੋਲੋਂ ਸੇਵਾ ਕਰਨ ਲਈ ਮਨਜ਼ੂਰੀ ਦੀ ਮੰਗ ਕੀਤੀ। ਸ. ਸਰਦਾਰਾ ਸਿੰਘ ਜੀ ਨੇ ਬੜੇ ਪਿਆਰ ਅਤੇ ਸਨੇਹ ਨਾਲ ਹਾਮੀ ਭਰੀ, ਜਿਸ ਨਾਲ ਆਪ ਜੀ ਦਾ ਸੰਸਥਾ ਵਿੱਚ ਸੇਵਾ ਦਾ ਮਾਰਗ ਸ਼ੁਰੂ ਹੋ ਗਿਆ। ਪਿਛਲੇ ੧੬ ਸਾਲ ਤੋਂ ਹਰ ਗਰਮੀਆਂ ਕਨੇਡਾ ਵਿੱਚ ਅਤੇ ਸਰਦੀਆਂ ਚੰਡੀਗੜ੍ਹ ਵਿੱਚ ਬਿਤਾਉਂਦੇ

ਆ ਰਹੇ ਹਨ। ਆਪ ਜੀ ਦੱਸਦੇ ਹਨ ਕਿ ਜਦ ਤੱਕ ਇੱਥੇ ਰਹਿੰਦੇ ਹਨ, ਸੰਸਥਾ ਵਿੱਚ ਆ ਕੇ ਪੱਤ੍ਰਿਕਾ ਦੇ ਕੰਮ ਵਿੱਚ ਯੋਗਦਾਨ ਪਾ ਕੇ, ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰ ਕੇ, ਆਪਣੇ ਆਪ ਨੂੰ ਕਿਰਤਾਰਥ ਹੋਇਆ ਮਹਿਸੂਸ ਕਰਦੇ ਹਨ। ਗੁਰੂ ਪਿਆਰਿਆਂ ਨਾਲ ਗੁਰਮਤਿ ਦੇ ਕਈ ਪੱਖ ਸਾਂਝੇ ਕਰਕੇ ਆਪਣੀ ਗੱਲ ਕਹਿਣ ਦਾ ਅਤੇ ਦੂਸਰਿਆਂ ਦੇ ਵੀਚਾਰ ਸੁਣਨ ਦਾ ਮੌਕਾ ਮਿਲਦਾ ਹੈ ਅਤੇ ਵਿਚਾਰਾਂ ਨਾਲ ਜੀਵਨ ਨੂੰ ਸੁਚੱਜੀ ਸੇਧ ਪ੍ਰਾਪਤ ਹੁੰਦੀ ਹੈ। ਆਪ ਜੀ ਦੱਸਦੇ ਹਨ ਕਿ ਇਸ ਸੇਵਾ ਦਾ ਸੰਜੋਗ ਗੁਰੂ ਨੇ ਬਖ਼ਸ਼ਿਆ ਹੈ। ਗੁਰਮੁੱਖ ਪਿਆਰੇ ਭਾਈ ਸਾਹਿਬ ਭਾਈ ਸਰਦਾਰਾ ਸਿੰਘ ਜੀ ਦੇ ਦਿੱਤੇ ਉਤਸ਼ਾਹ ਸਦਕਾ ਇਸ ਸੇਵਾ ਵਿੱਚ ਹਿੱਸਾ ਪਾ ਕੇ ਰੰਗ ਬੱਝ ਜਾਂਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਸੰਥਿਆ ਸੈਚੀਆਂ ਸ.ਸਰਦਾਰਾ ਸਿੰਘ ਜੀ ਨੇ ਦੇ ਭੇਟ ਕੀਤੀਆਂ, ਜਿਸ ਨਾਲ ਸਹਿਜ ਪਾਠ ਕਰਨ ਦਾ ਉਤਸ਼ਾਹ ਬਣ ਗਿਆ।



**ਸ. ਸੁਰਿੰਦਰ ਸਿੰਘ (ਅੰਮ੍ਰਿਤਸਰ ਵਾਲੇ)** : ਸ. ਸੁਰਿੰਦਰ ਸਿੰਘ ਜੀ ਪੰਜਾਬ ਐਡ ਸਿੰਧ ਬੈਕ ਦੇ ਸੀਨੀਅਰ ਮੈਨੇਜਰ ਸਨ ਅਤੇ ਰਿਟਾਇਰਮੈਂਟ ਸਮੇਂ ਸਤਲੁਜ ਗ੍ਰਾਮੀਣ ਬੈਕ, ਬਠਿੰਡਾ ਵਿੱਚ ਜਨਰਲ ਮੈਨੇਜਰ ਦੇ ਅਹੁਦੇ ਤੇ ਸਨ।

ਆਪ ਜੀ ਨੂੰ ਗੁਰਬਾਣੀ ਅਤੇ ਗੁਰ-ਸੰਗਤ ਨਾਲ ਬੜਾ ਲਗਾਉ ਹੈ। ਅਧਿਐਨ ਦੇ ਖੇਤਰ ਵਿੱਚ ਵੀ ਨਾਲ ਨਾਲ ਮਿਹਨਤ ਚੱਲਦੀ ਰਹੀ। ਸਿੱਖ ਮਿਸ਼ਨਰੀ ਕਾਲਜ, ਲੁਧਿਆਣਾ ਤੋਂ ੨ ਸਾਲਾ ਸਿੱਖ ਮਿਸ਼ਨਰੀ ਪ੍ਰਚਾਰਕ ਦਾ ਕੋਰਸ ਪੱਤਰਾਚਾਰ ਰਾਹੀਂ ੨੦੦੫-੦੬ ਵਿੱਚ ਕੀਤਾ। ਇਸ ਤੋਂ ਬਾਅਦ ਸਿੱਖ ਧਰਮ ਅਧਿਐਨ-੨ ਸਾਲਾ ਕੋਰਸ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ ਤੋਂ ਕੀਤਾ। ੧੯੯੩-੯੪ ਵਿੱਚ ਆਯੁਰਵੈਦਿਕ ਦੋ ਸਾਲਾ ਕੋਰਸ ਅਲਾਹਾਬਾਦ ਤੋਂ ਕੀਤਾ।

ਦਿੱਲੀ ਤਬਾਦਲੇ ਦੌਰਾਨ ਗਾਜੀਆਬਾਦ ਨਿਵਾਸ ਰੱਖਿਆ। ਇਸ ਚਾਰ ਸਾਲ (੧੯੮੯-੧੯੯੩) ਦੇ ਸਮੇਂ ਦੌਰਾਨ ਸਹਾਇਕ ਕਥਾ ਵਾਚਕ ਦੀ ਨਿਸ਼ਕਾਮ ਸੇਵਾ, ਗੁਰਦੁਆਰਾ ਸਿੰਘ ਸਭਾ, ਗਾਜੀਆਬਾਦ ਵਿੱਚ, ਨਿਭਾਉਂਦੇ ਰਹੇ। ਜਦ ਅੰਮ੍ਰਿਤਸਰ ਤਬਾਦਲਾ ਹੋ ਗਿਆ ਤਾਂ ਸੁਖਮਨੀ ਸਾਹਿਬ ਸਤਿਸੰਗ ਸਭਾ, ਅੰਮ੍ਰਿਤਸਰ ਦੇ ਸਕੱਤਰ ਦੇ ਰੂਪ ਵਿੱਚ ਸੇਵਾਵਾਂ ਦਿਤੀਆਂ, ਜੋ ਸੰਨ ੧੯੯੮ ਤੋਂ ੨੦੧੯ ਤੱਕ ਚੱਲੀਆ।

ਸ. ਸੁਰਿੰਦਰ ਸਿੰਘ, ਸੰਨ ੨੦੦੨ ਤੋਂ 'ਗੁਰਬਾਣੀ ਚਾਨਣੁ' ਪੱਤ੍ਰਿਕਾ ਦੇ ਪਾਠਕ ਹਨ। ਸ.ਸਰਦਾਰਾ ਸਿੰਘ ਜੀ ਦਾ ਜਵਾਨੀ ਵਿੱਚ ਹੀ ਨੌਕਰੀ ਛੱਡ ਕੇ ਪੱਤ੍ਰਿਕਾ ਦੁਆਰਾ ਸਿੱਖ ਸੰਗਤਾਂ ਦੀ ਸੇਵਾ ਵਿੱਚ ਜੁੱਟ ਜਾਣਾ ਆਪ ਜੀ ਨੂੰ ਬਹੁਤ ਪ੍ਰਭਾਵਿਤ ਕਰਦਾ ਸੀ।

ਸ. ਸੁਰਿੰਦਰ ਸਿੰਘ ਜੀ ੨੦੧੩ ਵਿੱਚ ਆਪਣੇ ਬੇਟੇ ਕੋਲ ਆਏ, (ਜੋ ਈ. ਐਸ.ਆਈ., ਰਾਮ ਦਰਬਾਰ, ਚੰਡੀਗੜ੍ਹ ਵਿੱਚ ਡਾਕਟਰ ਦੇ ਅਹੁਦੇ ਤੇ ਹਨ)। ਸੋ ਇਸ ਦੌਰਾਨ ਆਪ ਜੀ ਸ.ਸਰਦਾਰਾ ਸਿੰਘ ਜੀ ਨੂੰ ਮਿਲੇ। ਉਹਨਾਂ ਦੀ ਸਖਸ਼ੀਅਤ ਤੋਂ ਬਹੁਤ ਪ੍ਰਭਾਵਿਤ ਹੋਏ ਅਤੇ ਸੇਵਾ ਕਰਨ ਲਈ ਸ. ਸਰਦਾਰਾ ਸਿੰਘ ਜੀ ਨੂੰ ਬੇਨਤੀ ਕੀਤੀ।

ਸ. ਸਰਦਾਰਾ ਸਿੰਘ ਜੀ ਨੇ, ਰਿਹਾਇਸ਼ ਦੇ ਨਜ਼ਦੀਕ ਪੱਤ੍ਰਿਕਾ ਦੀ ਹੱਥੀਂ ਵੰਡ ਸੇਵਾ ਆਪ ਜੀ ਦੀ ਇੱਛਾ ਮੁਤਾਬਿਕ ਦਿੱਤੀ। ਜੋ ਆਪ ਜੀ ਹੁਣ ਤੱਕ ਨੇਮ ਪੂਰਵਕ ਨਿਭਾਅ ਰਹੇ ਹਨ। ਇਸ ਸਮੇਂ ਦੌਰਾਨ ਆਪ ਜੀ ਗੁਰਦੁਆਰਾ ਸਾਹਿਬ, ਪਿੰਡ ਬਿਸ਼ਨਪੁਰਾ (ਜ਼ੀਰਕਪੁਰ) ਵਿੱਚ ਨਿਸ਼ਕਾਮ ਪ੍ਰਚਾਰਕ ਵਜੋ ਕਥਾ ਕਰਦੇ ਰਹੇ।

ਜਦ ਵੀ ਆਪ ਅੰਮ੍ਰਿਤਸਰ ਜਾਂਦੇ ਹਨ ਤਾਂ ਗੁਰਮਤਿ ਬਿਰਧ ਲਿਟਰੇਚਰ ਸੇਵਾ ਸੰਭਾਲ਼ ਸੁਸਾਇਟੀ ਵਿੱਚ ਸੇਵਾਵਾਂ ਦਿੰਦੇ ਹਨ। ਠੀਕ ਸੰਭਾਲ਼ੇ ਹੋਏ ਗੁਰਬਾਣੀ ਦੇ ਗੁਟਕਾ ਸਾਹਿਬ ਜਾਂ ਪੁਸਤਕਾਂ ਚਾਹਵਾਨ ਸੰਗਤਾਂ ਨੂੰ ਪੜ੍ਹਨ ਲਈ ਦੇ ਦਿੱਤੇ ਜਾਂਦੇ ਹਨ ਅਤੇ ਜ਼ਿਆਦਾ ਬਜ਼ੁਰਗ  ਗੁਰਬਾਣੀ ਦੇ ਗੁਟਕਿਆਂ ਜਾਂ ਹੋਰ ਲਿਟਰੇਚਰ ਦਾ ਸੰਸਕਾਰ ਮਰਿਯਾਦਾ ਅਨੁਸਾਰ ਹਰ ਐਤਵਾਰ, ਬੀਬੀ ਕਉਲਾਂ ਭਲਾਈ ਕੇਂਦਰ,  ਅੰਮ੍ਰਿਤਸਰ, ਵਿੱਚ ਕੀਤਾ ਜਾਂਦਾ ਹੈ। ਕਿਉਕਿ ਸ.ਸੁਰਿੰਦਰ ਸਿੰਘ ਆਯੁਰਵੈਦਿਕ ਗਿਆਨ ਵੀ ਰੱਖਦੇ ਹਨ, ਇਸ ਲਈ ਕੁਝ ਸਮੇਂ ਤੋਂ ਆਪ ਜੀ  ਦੇ ਸਿਹਤ ਸੰਭਾਲ ਸਬੰਧੀ ਲੇਖ ਵੀ ਪੱਤ੍ਰਿਕਾ ਵਿੱਚ ਛਪ ਰਹੇ ਹਨ।



**ਸ. ਜਗਜੀਤ ਸਿੰਘ :** ਸ. ਜਗਜੀਤ ਸਿੰਘ ਜੀ ਟੈਂਟ ਅਤੇ ਕੈਟਰਿੰਗ ਦਾ ਕੰਮ, ਰੀਗਲ ਟੈਂਟ  ਸਰਵਿਸਜ ਦੇ ਨਾਮ ਨਾਲ, ਬੜੀ ਕਾਮਯਾਬੀ ਨਾਲ ਕਰ ਰਹੇ ਹਨ। ਅੰਦਾਜ਼ਨ ੧੯੯੩ ਵਿੱਚ (੨੨/੨੩ ਸਾਲ ਦੀ ਨੌਜਵਾਨ ਅਵਸਥਾ ਵਿੱਚ) ਆਪ ਜੀ ਨੇ ਸ.ਸਰਦਾਰਾ ਸਿੰਘ ਜੀ ਦਾ ਲਿਖਿਆ ਨਾਮ ਸਾਧਨਾ ਬਾਰੇ ਲੇਖ ਪੱਤ੍ਰਿਕਾ ਵਿੱਚ ਪੜ੍ਹਿਆ ਤਾਂ ਮਨ ਤੇ ਬੜਾ ਅਸਰ ਹੋਇਆ।

ਸ.ਸਰਦਾਰਾ ਸਿੰਘ ਜੀ ਨੂੰ ਟੈਲੀਫ਼ੋਨ ਕਰ ਕੇ ਮਿਲਣ ਦੀ ਇੱਛਾ ਜਤਾਈ ਤਾਂ ਇਹ ਜਾਣ ਕੇ ਉਤਸੁਕਤਾ ਬਹੁਤ ਵੱਧ ਗਈ ਕਿ ਸ. ਸਰਦਾਰਾ ਸਿੰਘ ਜੀ ਸੈਕਟਰ ੧੯ , ਚੰਡੀਗੜ੍ਹ ਵਿੱਚ ਹੀ ਰਹਿੰਦੇ ਹਨ। ਕਿਉਂਕਿ ਸ. ਜਗਜੀਤ ਸਿੰਘ ਜੀ ਵੀ ਸੈਕਟਰ ੧੯, ਚੰਡੀਗੜ੍ਹ ਹੀ ਰਹਿੰਦੇ ਹਨ।

ਵਪਾਰ ਵਿੱਚ ਰੁੱਝੇ ਹੋਏ ਸਮਾਂ ਕੱਢਣਾ ਔਖਾ ਲੱਗ ਰਿਹਾ ਸੀ ਇਸ ਕਰਕੇ

ਰਾਤੀਂ ੯.੩੦ ਵਜੇ ਸਰਦਾਰ ਜੀ ਦੇ ਘਰ ਜਾ ਕੇ ਮਿਲੇ। ਮਿਲਣ ਤੇ ਸ. ਸਰਦਾਰਾ ਸਿੰਘ ਜੀ ਨੇ ਆਪ ਜੀ ਨੂੰ ਆਪ ਜੀ ਦਾ ਪੂਰਾ ਨਾਮ ਲੈ ਕੇ ਸੰਬੋਧਨ ਕੀਤਾ ਜਿਸ ਨਾਲ ਆਪ ਜੀ ਹੋਰ ਪ੍ਰਭਾਵਿਤ ਹੋਏ ਅਤੇ ਸੇਵਾ/ ਸਿਮਰਨ ਅਭਿਆਸ ਦੀ ਲਗਨ ਲੱਗ ਗਈ।

ਸ. ਸਰਦਾਰਾ ਸਿੰਘ ਜੀ ਦੀ ਅਗਵਾਈ ਵਿੱਚ, ਬੜੀ ਲਗਨ ਨਾਲ ਪੱਤ੍ਰਿਕਾ ਦੀ ਸੇਵਾ ਵਿੱਚ ਜੁਟ ਗਏ। ਕਈ ਵਾਰ ਕੰਮ ਵਿੱਚੋਂ ਸਮਾਂ ਕਢਣਾ ਔਖਾ ਹੋ ਜਾਂਦਾ ਤਾਂ ਦੁਪਹਿਰ ਦੇ ਖਾਣੇ ਸਮੇਂ ਅਤੇ ਰਾਤੀਂ ੯ ਵਜੇ ਤੋਂ ੧੨ ਵਜੇ ਦੇ ਸਮੇਂ ਸੇਵਾ ਕਰਦੇ। ਸਿਮਰਨ ਸਰਦਾਰਾ ਸਿੰਘ ਜੀ ਨੇ ਸੇਵਾ ਦੇ ਨਾਲ ਨਾਲ ਕਰਨ ਅਤੇ ਅੰਮ੍ਰਿਤ-ਵੇਲ਼ੇ ਕਰਨ ਲਈ ਸਮਝਾ ਦਿੱਤਾ ਸੀ।

ਕੰਮ ਕਾਰ ਕੁਝ ਢਿੱਲਾ ਚੱਲ ਰਿਹਾ ਸੀ। ਭਾਈ ਸਾਹਿਬ ਜੀ ਨਾਲ ਗੱਲ ਕੀਤੀ ਤਾਂ ਆਪ ਜੀ ਨੇ ਸਮਝਾਇਆ ਕਿ ਲਗਨ ਨਾਲ ਸੇਵਾ ਸਿਮਰਨ ਵਿੱਚ ਜੁਟਿਆ ਰਿਹਾ ਕਰੋ, ਠੀਕ ਹੋ ਜਾਵੇਗਾ। ਆਪ ਜੀ ਦਾ ਕਹਿਆ ਜਿਉਂ ਜਿਉਂ ਸੱਚ ਵਾਪਰਨ ਲੱਗ ਪਿਆ ਤਾਂ ਸ਼ਰਧਾ ਨਾਲ ਵਿਚਰਦਿਆਂ ਅਨੇਕ ਛੋਟੀਆਂ ਛੋਟੀਆਂ ਵਾਪਰਦੀਆਂ ਘਟਨਾਵਾਂ ਅੱਖੀਂ ਵੇਖ ਕੇ ਇਹ ਵਿਸ਼ਵਾਸ ਵੀ ਦ੍ਰਿੜ ਹੋਇਆ ਕਿ ਸ. ਸਰਦਾਰਾ ਸਿੰਘ ਜੀ ਪੂਰਨ ਗੁਰਸਿੱਖ ਹਨ। ਜਦ ਵਪਾਰ ਕਮਾਈ ਵਾਲੀ ਰਫ਼ਤਾਰ ਫੜ ਗਿਆ ਤਾਂ ਦਾਸਰੇ ਨੇ ਸੰਸਥਾ ਦੇ ਸਮਾਗਮਾਂ ਵਿੱਚ ਟੈਂਟ ਲਾਉਂਣ ਦੀ ਸੇਵਾ ਲੈ ਲਈ, ਜੋ ਗੁਰ ਬਖਸ਼ਿਸ਼ ਸਦਕਾ ਅੱਜ ਵੀ ਚੱਲ ਰਹੀ ਹੈ।

ਸੰਸਥਾ ਦੇ ਭਵਨ ਦੀ ਜ਼ਮੀਨ ਖਰੀਦੀ ਗਈ ਤਾਂ ਡੂੰਘੀ ਖਾਈ ਵਰਗਾ ਆਖਰੀ ਪਲਾਟ ਸੀ। ਦਾਸਰੇ ਨੇ ਭਾਈ ਸਾਹਿਬ ਨੂੰ ਕਿਹਾ ਤੁਸੀਂ ਸਿਮਰਨ ਕਮਾਈ ਕਰੋ ਤੇ ਉਹ ਮਾਇਆ ਦਾ ਪ੍ਰਬੰਧ ਕਰਨ ਵਿੱਚ ਜੁਟੇਗਾ। ਬਖਸ਼ਿੰਦ ਪ੍ਰਭੂ ਸਭ ਕਾਰਜ ਰਾਸ ਕਰਨਗੇ। ਭਾਈ ਸਾਹਿਬ ਜੀ ਦਾ ਉੱਤਰ ਸੀ ਕਿ ਕਸ਼ਟ ਦਾਇਕ/ਹਠਯੋਗ ਭਗਤੀ ਗੁਰਮਤਿ ਵਿੱਚ ਪ੍ਰਵਾਣਿਤ ਨਹੀ, ਇਸ ਲਈ ਉਹ ਸਹਿਜ ਭਗਤੀ ਦੇ ਮਾਰਗ ਤੇ ਚੱਲਦੇ ਹੋਏ ਹੀ ਪ੍ਰਭੂ ਦੀ ਹਜ਼ੂਰੀ ਵਿੱਚ ਨਤਮਸਤਕ ਹੋਣਗੇ।

ਸ਼ੁਰੂ ਵਿੱਚ ਦੋ ਆਰਜ਼ੀ ਟੀਨ ਦੀ ਛੱਤ ਵਾਲੇ ਕਮਰੇ ਬਣਾਏ ਗਏ। ਸ. ਸਰਦਾਰਾ ਸਿੰਘ ਜੀ ਰਾਤੀਂ ਦੱਸ ਵਜੇ ਤੋਂ ਪਹਿਲੇ ਪਹਿਲੇ ਆਰਾਮ ਕਰਨ ਜਾਂਦੇ ਸਨ ਅਤੇ ਦੋ ਵਜੇ ਉੱਠ ਜਾਂਦੇ ਸਨ ਤੇ ਸਿਮਰਨ ਤੇ ਬੈਠ ਜਾਂਦੇ। ਦਾਸਰਾ ਦਰਵਾਜ਼ੇ ਦੇ ਬਾਹਰ ਪਹਿਰਾ ਦਿੰਦਾ ਸਿਮਰਨ ਅਭਿਆਸ ਵਿੱਚ ਲੱਗਾ ਰਹਿੰਦਾ। ਇਹ ਸਿਲਸਿਲਾ ਲਗਭੱਗ ਛੇ ਮਹੀਨੇ ਚੱਲਿਆ।

ਸ.ਜਗਜੀਤ ਸਿੰਘ ਨੇ ਦੱਸਿਆ ਕਿ ਸੰਸਥਾ ਦੇ ਪਲਾਟ ਦੀ ਜ਼ਮੀਨ ਪੱਧਰੀ ਕਰਨ

ਲਈ ਉਸ ਨੇ ਦੋ ਮਜ਼ਦੂਰ ਲਗਾਏ ਅਤੇ ਸਮਾਂ ਮਿਲਣ ਤੇ ਆਪ ਵੀ ਮਜ਼ਦੂਰਾਂ ਨਾਲ ਸੇਵਾ ਵਿੱਚ ਜੁੱਟ ਜਾਂਦੇ ਸਨ। ਆਪ ਜੀ ਸ. ਸਰਦਾਰਾ ਸਿੰਘ ਜੀ ਨੂੰ ਆਪਣੀ ਜਾਂ ਉਹਨਾਂ ਦੀ ਕਾਰ ਤੇ ਪ੍ਰੋਗਰਾਮ ਅਨੁਸਾਰ ਅਲੱਗ ਅਲੱਗ ਸਥਾਨਾਂ ਤੇ ਨਾਲ ਲੈ ਕੇ ਜਾਂਦੇ ਸਨ। ਹਜ਼ੂਰ ਸਾਹਿਬ ਅਤੇ ਰੀਠਾ ਸਾਹਿਬ ਦੇ ਦਰਸ਼ਨਾਂ ਲਈ ਵੀ ਆਪ ਦੂਜੇ ਸਾਥੀਆਂ ਸਮੇਤ ਨਾਲ ਗਏ। ਇਸੇ ਤਰਾਂ ਇੱਕ ਵਾਰ ਸ. ਸਰਦਾਰਾ ਸਿੰਘ ਜੀ ਨਾਲ ਬੜੂ ਸਾਹਿਬ ਵੀ ਗਏ।



**ਸ. ਬਲਵਿੰਦਰ ਸਿੰਘ** : ਪੁਲੀਸ ਵਿਭਾਗ (ਪੰਜਾਬ) ਦੇ ਸੁਪਰਡੈਂਟ ਦੇ ਅਹੁਦੇ ਤੋਂ ਮਿਤੀ ੩੧-੦੩-੨੦੨੦ ਵਿੱਚ ਸੇਵਾ ਮੁਕਤ ਹੋਏ ਅਤੇ ਫੇਜ-੭ ਮੋਹਾਲੀ ਵਿੱਚ ਆਪਣੇ ਨਿਵਾਸ ਅਸਥਾਨ ਮਕਾਨ ਨੰ:੧੭੯੬ ਵਿੱਚ ਰਹਿ ਰਹੇ ਹਨ। ਸ. ਬਲਵਿੰਦਰ ਸਿੰਘ ਜੀ ੧੯੯੨ ਤੋਂ ਸੰਸਥਾ ਨਾਲ ਜੁੜੇ ਹੋਏ ਹਨ ਅਤੇ ਸਰਵਿਸ ਦੌਰਾਨ ਕੇਵਲ ਸਮਾਗਮਾਂ ਤੇ ਜਾਂ ਛੁੱਟੀ ਵਾਲੇ ਦਿਨ ਸੇਵਾ ਵਿੱਚ ਯੋਗਦਾਨ ਪਾਉਣ ਆਉਂਦੇ ਸਨ। ਰਿਟਾਇਰ ਹੋਣ ਤੋਂ ਬਾਅਦ ਲਗਾਤਾਰ ਸੇਵਾ ਵਿੱਚ ਯੋਗਦਾਨ ਪਾ ਰਹੇ ਹਨ ਅਤੇ ਸਮੇਂ-ਸਮੇਂ ਦਿੱਤੀ ਗਈ ਡਿਊਟੀ ਵੀ ਨਿਭਾਉਂਦੇ ਹਨ।



**ਸ. ਸਵਰਨ ਸਿੰਘ :** ੬੩ ਸਾਲ ਦੇ ਸ. ਸਵਰਨ ਸਿੰਘ, ਸਵੈ-ਇੱਛਿਤ, ਪੰਜਾਬ ਟੂਰਿਜਮ ਕਾਰਪੋਰੇਸ਼ਨ ਤੋਂ ੨੦੦੫ ਵਿੱਚ ਸੇਵਾ ਮੁਕਤ ਹੋਏ। ਰਿਟਾਇਰ ਹੋਣ ਤੋਂ ਬਾਅਦ ਆਪ ਜੀ ਦਾ ਮੁੱਖ ਤੌਰ ਤੇ ਸਮਾਜ ਸੇਵੀ ਕਾਰਜਾਂ ਵੱਲ ਹੀ ਰੁਝਾਨ ਰਿਹਾ ਹੈ। ਆਪ ਜੀ ਲਗਾਤਾਰ ੨੦੦੭ ਤੋਂ ਖੂਨ ਦਾਨ ਕਰਕੇ ਸਮਾਜ ਸੇਵਾ ਕਰ ਰਹੇ ਹਨ ਅਤੇ ਆਪ ਜੀ ਦੀ ਦਿਲੀ ਇੱਛਾ ਹੈ ਕਿ ਆਪ ਜੀ ੬੫ ਸਾਲ ਦੀ ਉਮਰ ਤੱਕ ਖੂਨ ਦਾਨ ਦੀ ਸੇਵਾ ਕਰਨ ਯੋਗ ਬਣੇ ਰਹਿਣ ਅਤੇ ਖੂਨ ਦਾਨ ਕਰਨ। ਆਪ ਜੀ ਨੇ ਫੇਜ-੬ ਦੇ ਗੁਰਦੁਆਰੇ ਦੀ ਮੈਨੇਜਿੰਗ ਕਮੇਟੀ ਵਿੱਚ ਵੀ ਸੇਵਾਵਾਂ ਨਿਭਾਈਆਂ ਹਨ। ਆਪ ਜੀ ਮੁੱਖ ਸੇਵਾਦਾਰ ਸ. ਕੁਲਬੀਰ ਸਿੰਘ ਜੀ ਦੇ ਮਿੱਤਰ ਹਨ ਅਤੇ ਉਹਨਾਂ ਦੇ ਨਾਲ ਹੀ ਜਨਵਰੀ, ੨੦੧੮ ਤੋਂ ਸੰਸਥਾ ਦੇ ਸੇਵਾ ਕਾਰਜਾਂ ਵਿੱਚ ਬੜੀ ਲਗਨ ਨਾਲ ਅਤੇ ਨੇਮ ਪੂਰਵਕ ਸੇਵਾ ਕਰ ਰਹੇ ਹਨ।

**ਸ. ਬਚਿੱਤਰ ਸਿੰਘ :** ਸ. ਬਚਿੱਤਰ ਸਿੰਘ ਹੁਸ਼ਿਆਰਪੁਰ ਦੇ ਰਹਿਣ ਵਾਲੇ ਹਨ। ਆਪ ਜੀ ਨੇ ੧੬ ਸਾਲ ਏਅਰ-ਫੋਰਸ ਅਤੇ ੨੨ ਸਾਲ ਭਾਰਤੀ ਰੇਲਵੇ ਵਿੱਚ ਨੌਕਰੀ ਕੀਤੀ ਅਤੇ ਦਸੰਬਰ-੨੦੦੮ ਵਿੱਚ ਰੇਲ ਕੋਚ ਫ਼ੈਕਟਰੀ, ਕਪੂਰਥਲਾ ਤੋਂ ਸੀਨੀਅਰ ਸੁਪਰਵਾਈਜ਼ਰ ਦੀ ਪੋਸਟ ਤੋਂ ਸੇਵਾ ਮੁਕਤ ਹੋਏ।



ਆਪ ਜੀ ੨੦੧੩ ਵਿੱਚ ਸ. ਸਰਦਾਰਾ ਸਿੰਘ ਜੀ ਨੂੰ ਮਿਲੇ ਅਤੇ ਸੇਵਾ ਲਈ ਬੇਨਤੀ ਕੀਤੀ ਜੋ ਪ੍ਰਵਾਨ ਹੋਈ ਅਤੇ ਆਪ ਜੀ ਦਾ ਸੰਸਥਾ ਦੀਆਂ ਸੇਵਾਵਾਂ ਦਾ ਸਫਰ ਸ਼ੁਰੂ ਹੋਇਆ।

ਆਪ ਜੀ ਪੱਤ੍ਰਿਕਾ ਦੀ ਇੱਕ ਜਿਲਦ ਆਪਣੀ ਭੈਣ ਜੀ ਪਾਸੋਂ ਪ੍ਰਾਪਤ ਹੋਈ। ਜਿਸ ਨੂੰ ਪੜ੍ਹ ਕੇ ਆਪ ਨੂੰ ਸੰਸਥਾ ਦੀਆਂ ਸੇਵਾਵਾਂ ਦਾ ਪਤਾ ਲੱਗਾ। ਸੇਵਾ ਮੁਕਤ ਹੋਣ ਬਾਅਦ ਆਪ ਜੀ ਨੇ ਬੇਟੇ ਕੋਲ ਮੋਹਾਲੀ ਰਹਿਣਾ ਸ਼ੁਰੂ ਕੀਤਾ ਅਤੇ ਇਸ ਤਰ੍ਹਾਂ ਸੰਸਥਾ ਵਿੱਚ ਆਉਣਾ ਆਸਾਨ ਹੋ ਗਿਆ। ਆਪ ਜੀ ਪੰਜਾਬੀ ਭਾਸ਼ਾ ਦੇ ਪ੍ਰਸਾਰ ਲਈ, ਅਲੱਗ ਅਲੱਗ ਅਸਥਾਨਾਂ ਤੇ ਜਾ ਕੇ, ਪ੍ਰਚਾਰ ਦਾ ਪ੍ਰੋਗਰਾਮ ਚਲਾ ਰਹੇ ਹਨ ਅਤੇ ਜਿਸ ਸਥਾਨ ਤੇ ਵੀ ਜਾਂਦੇ ਹਨ ਉੱਥੇ ਦੇ ਸਕੂਲ ਵਿੱਚ ਪੌਦੇ ਲੱਗਾ ਕੇ ਆਉਂਦੇ ਹਨ। ਜ਼ਿਆਦਾ ਕਰਕੇ ਫਲਦਾਰ ਪੇੜ, ਜਿਵੇਂ ਕਿ ਅੰਬ, ਜਾਮੁਨ, ਤੂਤ, ਧਰੇਕ, ਨਿੰਮ ਆਦਿਕ ਲਗਾਉਂਦੇ ਹਨ। ਆਪ ਜੀ ੨੦੧੫ ਤੋਂ ਪੱਤ੍ਰਿਕਾ ਦਾ ਹਿੰਦੀ ਅਨੁਵਾਦ ਵੀ ਕਰਦੇ ਆ ਰਹੇ ਹਨ। ਸ. ਸਰਦਾਰਾ ਜੀ ਤੋਂ ਕੀਰਤਨ ਸਿੱਖਣ ਦੀ ਪ੍ਰੇਰਨਾ ਮਿਲੀ ਅਤੇ ਜਦ ਮੌਕਾ ਬਣਦਾ ਹੈ ਤਾਂ ਸੰਸਥਾ ਵਿੱਚ ਸ਼ਬਦ ਗਾਇਨ ਕਰਦੇ ਹਨ।

**ਬੀਬੀ ਕੰਵਲਜੀਤ ਕੌਰ :** ਬੀਬੀ ਕੰਵਲਜੀਤ ਕੌਰ ਜੋ ਫੇਜ ੨ ਮੋਹਾਲੀ ਵਿੱਚ ਰਹਿੰਦੇ ਹਨ ਅਤੇ ਬਹੁਤ ਧਾਰਮਿਕ ਰੁਚੀਆਂ ਵਾਲੇ ਨਿਤਨੇਮੀ ਹਨ। ਆਪ ਜੀ ਸੰਸਥਾ ਦੇ ਹਰ ਸਮਾਗਮ ਵਿੱਚ ਸੇਵਾਵਾਂ ਦੇ ਕੇ ਅਤੇ ਦਸਵੰਧ ਰਾਹੀਂ ਸੰਸਥਾ ਦੇ ਕਾਰਜਾਂ ਵਿੱਚ ਯੋਗਦਾਨ ਪਾਉਂਦੇ ਹਨ। ਜਦੋਂ ਸੰਸਥਾ ਨੇ ਗੁਰਮਤਿ ਪ੍ਰੀਖਿਆ ਦਾ ਪ੍ਰੋਗਰਾਮ ਉਲੀਕਿਆ ਤਾਂ ਆਪ ਜੀ ਨੇ ਗੁਰੂ ਅਮਰਦਾਸ ਜੀ ਦੀ ਜੀਵਨੀ ਵਿਚੋਂ ਚੌਣਵੀਆਂ ਸਾਖੀਆਂ ਦੀ ਪੁਸਤਕ ਲਿਖੀ ਅਤੇ ਆਪ ਜੀ ਨੇ ਸਿਲੇਬਸ ਕਮੇਟੀ ਵਿੱਚ ਵੀ ਬਣਦਾ ਯੋਗਦਾਨ ਪਾਇਆ। ਲੰਮੇ ਸਮੇਂ ਤੋਂ ਆਪ ਜੀ ਸੰਸਥਾ ਨਾਲ ਜੁੜੇ ਹਨ ਇਸ ਲਈ ਕੁਝ ਸਮਾਂ ਆਪ ਜੀ ਸੰਸਥਾ ਦੀ ਕਾਰਜਕਾਰੀ ਕਮੇਟੀ ਦੇ ਮੈਂਬਰ ਵੀ ਰਹੇ।



**ਸ.ਬਲਜੀਤ ਸਿੰਘ** : ਸ.ਬਲਜੀਤ ਸਿੰਘ ਅੰਮ੍ਰਿਤਧਾਰੀ ਗੁਰਸਿੱਖ ਹਨ। ਆਪ ਜੀ ਇਸ ਸਮੇਂ ੭੭ ਸਾਲ ਦੀ ਉਮਰ ਵਿੱਚ ਅਮਰੀਕਾ ਆਪਣੇ ਬੇਟੇ ਕੋਲ ਰਹਿ ਰਹੇ ਹਨ। ਆਪ ਬਿਜਲੀ ਮਹਿਕਮੇ ਤੋਂ ਅਸਿਸਟੈਂਟ ਅਗਜੈਕਟਿਵ ਇੰਜੀਨੀਅਰ ਕਲਾਸ ੧ ਰਿਟਾਇਰ ਹੋਏ ਹਨ। ਆਪਣੀ ਨੋਕਰੀ ਦੌਰਾਨ ਆਪ ਜੀ ਬਹੁਤ ਦਿਆਨਤਦਾਰ ਅਫ਼ਸਰ ਸਨ ਅਤੇ ਬਹੁਤ ਧਾਰਮਿਕ



ਸਥਾਨਾਂ ਦੀਆਂ ਬਿਜਲੀ ਬਾਰੇ ਮੁਸ਼ਕਲਾਂ ਹੱਲ ਕੀਤੀਆਂ। ਆਪ ਰਿਟਾਇਰਮੈਂਟ ਤੋਂ ਬਾਅਦ ੨੦੦੬ ਵਿੱਚ ਸ.ਸਵਿੰਦਰ ਸਿੰਘ ਜੀ ਦੇ ਉਤਸ਼ਾਹਿਤ ਕਰਨ ਤੇ ਸੰਸਥਾ ਵਿੱਚ ਆਏ। ਆਪ ਜੀ ਦੀ ਸੇਵਾ ਦੀ ਲਗਨ ਨੂੰ ਦੇਖ ਕੇ ਸੰਸਥਾ ਦੇ ਮੀਤ ਪ੍ਰਧਾਨ ਦੀ ਸੇਵਾ ਆਪ ਜੀ ਨੂੰ ਸੌਂਪੀ ਗਈ। ਜੋ ਆਪ ਜੀ ਨੇ ਬੜੀ ਲਗਨ ਨਾਲ ਨਿਭਾਈ। ਕੁਝ ਘਰੇਲੂ ਕਾਰਨਾਂ ਕਰਕੇ ਆਪ ਜੀ ੨੦੧੩ ਵਿੱਚ ਅਮਰੀਕਾ ਚਲੇ ਗਏ। ਉੱਥੇ ਵੀ ਆਪ ਜੀ ਨਜ਼ਦੀਕੀ ਗੁਰਦੁਆਰੇ ਅਤੇ ਬੁਢਾਪਾ ਘਰ ਵਿੱਚ ਵੀ ਸੇਵਾਵਾਂ ਦੇਂਦੇ ਹਨ। ਆਪ ਜੀ ਕਹਿੰਦੇ ਹਨ ਕਿ ਸ.ਸਰਦਾਰਾ ਸਿੰਘ ਜੀ ਦੀ ਸੰਗਤ ਕਰਨ ਨਾਲ ਜਿੰਦਗੀ ਦਾ ਰੁਝੇਵਾਂ ਹੀ ਬਦਲ ਕੇ ਪਰਮਾਤਮਾ ਦੇ ਸ਼ੁਕਰਾਨੇ ਵਿੱਚ ਲੱਗ ਗਿਆ ਹੈ।

**ਸ.ਕੁਲਦੀਪ ਸਿੰਘ** : ਆਪ ਜੀ ਸੈਕਟਰ ੬੯, ਮੋਹਾਲੀ ਵਿੱਚ ਰਹਿੰਦੇ ਹਨ ਅਤੇ ਪੂਰਨ ਗੁਰਸਿੱਖ ਹਨ। ਸਮੇਂ ਸਮੇਂ ਆ ਕੇ ਸੰਸਥਾ ਨੂੰ ਸਹਿਯੋਗ ਦਿੰਦੇ ਹਨ ਅਤੇ ਮਾਇਕ ਸਹਾਇਤਾ ਵੀ ਦਿੰਦੇ ਹਨ।

**ਸ.ਮਲੂਕ ਸਿੰਘ** : ਆਪ ਜੀ ਸੈਕਟਰ ੪੪ ਚੰਡੀਗੜ੍ਹ ਦੇ ਨਿਵਾਸੀ ਸਨ ਅਤੇ ਸਰਵੇ ਆਫ਼ ਇੰਡੀਆ ਤੋਂ ਰਿਟਾਇਰ ਹੋ ਕੇ ਸੰਸਥਾ ਨਾਲ ਜੁੜੇ ਅਤੇ ਕਈ ਪ੍ਰਕਾਰ ਦੀਆਂ ਸੇਵਾਵਾਂ ਕਰਨ ਲੱਗ ਪਏ ਜਿਵੇਂ ਕਿ ਪਰਚੇ ਦੀ ਤਿਆਰੀ, ਲੰਗਰ ਦੀ ਜਿੰਮੇਵਾਰੀ ਅਤੇ ਹਰ ਸ਼ਨੀਚਰਵਾਰ ਸਮਾਗਮ, ਸਾਲਾਨਾ ਸਮਾਗਮ ਵਿੱਚ ਸੇਵਾਵਾਂ ਨਿਭਾਉਂਦੇ ਸਨ।

**ਸ.ਜਗਜੀਤ ਸਿੰਘ** : ਆਪ ਜੀ ਫੇਜ ੭ ਮੋਹਾਲੀ ਵਿੱਚ ਰਹਿੰਦੇ ਹਨ। ਆਪ ਜੀ ਲੰਮਾਂ ਸਮਾਂ ਸੰਸਥਾ ਨਾਲ ਜੁੜੇ ਰਹੇ ਅਤੇ ਸੰਸਥਾ ਦੀ ਕਾਰਜਕਾਰਣੀ ਦੇ ਮੈਂਬਰ ਵੀ ਰਹੇ ਹਨ। ਆਪ ਜੀ ਮਹੀਨਾਵਾਰੀ ਸਹਿਜ ਪਾਠ ਵਿੱਚ ਯੋਗਦਾਨ ਪਾਉਂਦੇ ਸਨ। ਪਰਚੇ ਦੀ ਤਿਆਰੀ ਵਿੱਚ ਯੋਗਦਾਨ ਪਾਉਂਦੇ ਸਨ।

**ਸ.ਸਵਰਨ ਸਿੰਘ** : ਆਪ ਜੀ ਫੇਜ ੪ ਮੋਹਾਲੀ ਵਿੱਚ ਰਹਿੰਦੇ ਸਨ ਅਤੇ ਲੰਮਾਂ ਸਮਾਂ ਸੰਸਥਾ ਨਾਲ ਜੁੜੇ ਰਹੇ। ਸਮੇਂ ਸਮੇਂ ਉੱਤੇ ਆ ਕੇ ਸੰਸਥਾ ਵਿੱਚ ਸੇਵਾ ਕਰਦੇ ਰਹਿੰਦੇ

ਸਨ। ਨਗਰ ਕੀਰਤਨ ਵਿੱਚ ਵੀ ਕੀਰਤਨ ਦੀ ਸੇਵਾ ਕਰਦੇ ਸਨ। ਜਦੋਂ ਸੰਸਥਾ ਦੀ ਨਵੀਂ ਬਿਲਡਿੰਗ ਤਿਆਰ ਹੋ ਰਹੀ ਸੀ ਤਾਂ ਉਸ ਸਮੇਂ ਉਨ੍ਹਾਂ ਨੇ ਲੱਕੜ ਦਰਵਾਜੇ-ਖਿੜਕੀਆਂ ਬਣਾਉਂਣ ਦਾ ਸਾਰਾ ਕੰਮ ਨਿਸ਼ਕਾਮ ਸੇਵਾ ਦੇ ਰੂਪ ਵਿੱਚ ਕੀਤਾ।